ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 37
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Saturday, 7 February, 2026) ਸ਼ਨੀਵਾਰ, 7 ਫਰਵਰੀ, 2026, 25 ਮਾਘ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਕਾਂਗਰਸ ਨੇ ਨਵਜੋਤ ਕੌਰ ਸਿੱਧੂ ਨੂੰ ਪਾਰਟੀ 'ਚੋਂ ਕੱਢਿਆ

ਚੰਡੀਗੜ੍ਹ , 6 ਫਰਵਰੀ (ਚ.ਨ.ਸ.): ਪੰਜਾਬ ਵਿੱਚ, ਸਾਬਕਾ ਕ੍ਰਿਕਟਰ ਅਤੇ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ ਹੈ। ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਨੇ ਇਹ ਜਾਣਕਾਰੀ ਦਿੱਤੀ ਹੈ। ਹਾਲਾਂਕਿ, ਨਵਜੋਤ ਕੌਰ ਸਿੱਧੂ ਨੇ ਹਾਲ ਹੀ ਵਿੱਚ ਪਾਰਟੀ ਛੱਡਣ ਦੇ ਆਪਣੇ ਫੈਸਲੇ ਦਾ ਐਲਾਨ ਕੀਤਾ ਸੀ। ਭੁਪੇਸ਼ ਬਘੇਲ ਅੱਜ ਅੰਮ੍ਰਿਤਸਰ ਵਿੱਚ ਡਾ. ਰਾਜਕੁਮਾਰ ਵੇਰਕਾ ਦੇ ਘਰ ਪਹੁੰਚੇ, ਜਿੱਥੇ ਉਨ੍ਹਾਂ ਨੇ ਮੀਡੀਆ ਨਾਲ (ਬਾਕੀ ਸਫਾ 2 'ਤੇ)

### ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲ ਭਰ ਚੱਲਣ ਵਾਲੇ ਲੜੀਵਾਰ ਸਮਾਗਮਾਂ ਦੀ ਮੁੱਖ ਮੰਤਰੀ ਵੱਲੋਂ ਸ਼ੁਰੂਆਤ

## ਅਗਲੇ ਸਾਲ 20 ਫਰਵਰੀ ਤੱਕ ਸੰਤ ਸੰਮੇਲਨ, ਕਾਨਫ਼ਰੰਸਾਂ, ਕਥਾ-ਕੀਰਤਨ ਅਤੇ 'ਵਰਸਿਟੀਆਂ 'ਚ ਹੋਣਗੇ ਸੈਮੀਨਾਰ: ਮਾਨ

ਦੀਪਕ ਅਗਨੀਹੋਤਰੀ
================



ਹੁਸ਼ਿਆਰਪੁਰ, 6 ਫਰਵਰੀ: ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਾਨ ਵਿਰਾਸਤ ਪ੍ਰਤੀ ਸ਼ਰਧਾ ਤੇ ਸਤਿਕਾਰ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਸਰਕਾਰ ਨੇ ਗੁਰੂ ਸਾਹਿਬ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲ ਭਰ ਚੱਲਣ ਵਾਲੇ ਲੜੀਵਾਰ ਸਮਾਗਮਾਂ ਦੀ ਰਸਮੀ ਤੌਰ ਉਤੇ ਸ਼ੁਰੂਆਤ ਕੀਤੀ। ਇਨ੍ਹਾਂ ਲੜੀਵਾਰ ਸਮਾਗਮਾਂ ਤਹਿਤ 20 ਫਰਵਰੀ, 2027 ਤੱਕ ਸੂਬਾ ਭਰ ਵਿੱਚ ਧਾਰਮਿਕ, ਸੱਭਿਆਚਾਰਕ ਅਤੇ ਅਕਾਦਮਿਕ ਪੱਧਰ ਉਤੇ ਵੱਖ-ਵੱਖ ਉਪਰਾਲੇ ਕੀਤੇ ਜਾਣਗੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਨ੍ਹਾਂ ਯਾਦਗਾਰੀ ਸਮਾਗਮਾਂ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਸਾਲ ਭਰ ਸੰਤ ਸੰਮੇਲਨ, ਕਾਨਫਰੰਸਾਂ, ਕਥਾ-ਕੀਰਤਨ ਅਤੇ ਯੂਨੀਵਰਸਿਟੀਆਂ ਵਿੱਚ ਸੈਮੀਨਾਰ ਕਰਵਾਏ ਜਾਣਗੇ। ਇਸ ਦੇ ਨਾਲ ਹੀ ਖੁਰਾਲਗੜ੍ਹ ਵਿਖੇ ਸ੍ਰੀ ਗੁਰੂ ਰਵਿਦਾਸ ਯਾਦਗਾਰ ਦੇ ਵਿਸਥਾਰ ਦਾ ਕਾਰਜ ਅਤੇ ਫਰੀਦਪੁਰ ਵਿਖੇ ਸ੍ਰੀ ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ ਦੀ ਸਥਾਪਨਾ ਸਮੇਤ ਬੁਨਿਆਦੀ ਢਾਂਚੇ ਦੇ ਵੱਡੇ ਪ੍ਰਾਜੈਕਟ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਸਾਹਿਬ ਜੀ ਨੂੰ ਸਮਰਿਪਤ ਮਹਾਨ ਸਮਾਗਮਾਂ ਅਤੇ ਪ੍ਰਾਜੈਕਟਾਂ ਲਈ ਫੰਡਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਸੰਤ ਸਮਾਜ ਦੇ ਸਾਰੇ ਆਦੇਸ਼ ਪੂਰੀ ਤਰ੍ਹਾਂ ਲਾਗੂ ਕੀਤੇ ਜਾਣਗੇ। ਸਾਲ ਭਰ ਚੱਲਣ ਵਾਲੇ ਪ੍ਰੋਗਰਾਮ 'ਆਪ' ਸਰਕਾਰ ਦੇ ਸ਼ਾਸਨ ਦੇ ਅਨੁਕੂਲ ਹੋਣਗੇ ਜੋ ਸਿੱਖਿਆ ਸੁਧਾਰਾਂ ਨੂੰ ਤਰਜੀਹ ਦਿੰਦਾ ਹੈ, 10 ਲੱਖ ਰੁਪਏ ਤੱਕ ਦੇ ਨਕਦ ਰਹਿਤ ਇਲਾਜ ਨਾਲ ਜਨਤਕ ਸਿਹਤ (ਬਾਕੀ ਸਫਾ 2 'ਤੇ)

## ਭਾਰਤ ਨੇ 6ਵੀਂ ਵਾਰ ਜਿੱਤਿਆ ਅੰਡਰ-19 ਵਰਲਡ ਕੱਪ

### ਇੰਗਲੈਂਡ ਨੂੰ 100 ਦੌੜਾਂ ਨਾਲ ਹਰਾਇਆ

ਹਰਾਰੇ, 6 ਫਰਵਰੀ (ਚ.ਨ.ਸ.): ਭਾਰਤੀ ਅੰਡਰ-19 ਕ੍ਰਿਕਟ ਟੀਮ ਨੇ ਸ਼ੁੱਕਰਵਾਰ ਨੂੰ ਇੰਗਲੈਂਡ ਨੂੰ 100 ਦੌੜਾਂ ਨਾਲ ਹਰਾ ਕੇ ਛੇਵੀਂ ਵਾਰ ਵਿਸ਼ਵ ਕੱਪ ਦਾ ਖਿਤਾਬ ਆਪਣੇ ਨਾਮ ਕਰ ਲਿਆ ਹੈ। ਹਰਾਰੇ ਸਪੋਰਟਸ ਕਲੱਬ ਵਿੱਚ ਖੇਡੇ ਗਏ ਇਸ ਫਾਈਨਲ ਮੁਕਾਬਲੇ ਵਿੱਚ ਭਾਰਤ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ 50 ਓਵਰਾਂ ਵਿੱਚ 9 ਵਿਕਟਾਂ ਦੇ ਨੁਕਸਾਨ 'ਤੇ 411 ਦੌੜਾਂ ਦਾ ਵਿਸ਼ਾਲ ਸਕੋਰ ਖੜ੍ਹਾ ਕੀਤਾ। ਭਾਰਤ ਦੀ ਇਸ ਜਿੱਤ ਦਾ ਸਭ ਤੋਂ ਵੱਡਾ ਹੀਰੋ 14 ਸਾਲਾ ਵੈਭਵ ਸੂਰਿਆਵੰਸ਼ੀ ਰਿਹਾ, ਜਿਸ ਨੇ ਮਹਿਜ਼ 80 ਗੇਂਦਾਂ ਵਿੱਚ 175 ਦੌੜਾਂ ਦੀ ਧਮਾਕੇਦਾਰ ਪਾਰੀ ਖੇਡੀ। ਵੈਭਵ ਨੇ ਆਪਣੀ ਪਾਰੀ ਵਿੱਚ 15 ਚੌਕੇ ਅਤੇ 15 ਛੱਕੇ ਜੜੇ, ਜਿਸ ਨਾਲ ਇੰਗਲੈਂਡ ਦੇ ਗੇਂਦਬਾਜ਼ ਬੇਵੱਸ ਨਜ਼ਰ ਆਏ। 412 ਦੌੜਾਂ ਦੇ ਵੱਡੇ ਟੀਚੇ ਦਾ ਪਿੱਛਾ ਕਰਨ ਉਤਰੀ ਇੰਗਲੈਂਡ ਦੀ ਟੀਮ 40.2 ਓਵਰਾਂ ਵਿੱਚ 311 ਦੌੜਾਂ 'ਤੇ ਸਿਮਟ ਗਈ। (ਬਾਕੀ ਸਫਾ 2 'ਤੇ)

# ਸੰਸਦ ਲਗਾਤਾਰ ਹੰਗਾਮੇ ਕਾਰਨ ਠੱਪ

### ਅਜਿਹਾ ਸਦਨ ਨਹੀਂ ਚਲਾਇਆ ਜਾ ਸਕਦਾ: ਸਪੀਕਰ

ਚੜ੍ਹਦੀਕਲਾ ਬਿਊਰੋ
================



ਨਵੀਂ ਦਿੱਲੀ, 6 ਫਰਵਰੀ :ਵਿਰੋਧੀ ਮੈਂਬਰਾਂ ਵੱਲੋਂ ਵੱਖ-ਵੱਖ ਮੁੱਦਿਆਂ 'ਤੇ ਕੀਤੇ ਗਏ ਲਗਾਤਾਰ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਸ਼ੁੱਕਰਵਾਰ ਨੂੰ ਲੋਕ ਸਭਾ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ। ਸ਼ੁੱਕਰਵਾਰ ਲਗਾਤਾਰ ਦੂਜਾ ਦਿਨ ਸੀ ਜਦੋਂ ਸਦਨ 1 ਫਰਵਰੀ ਨੂੰ ਪੇਸ਼ ਕੀਤੇ ਗਏ ਕੇਂਦਰੀ ਬਜਟ 'ਤੇ ਚਰਚਾ ਨਹੀਂ ਕਰ ਸਕਿਆ।ਪਹਿਲੀ ਮੁਲਤਵੀ ਤੋਂ ਬਾਅਦ ਜਦੋਂ ਦੁਪਹਿਰ 12 ਵਜੇ ਸਦਨ ਦੁਬਾਰਾ ਇਕੱਠਾ ਹੋਇਆ, ਤਾਂ ਵਿਰੋਧੀ ਮੈਂਬਰ ਸਦਨ ਦੇ ਵਿਚਕਾਰ (ਵੈੱਲ) ਪਹੁੰਚ ਕੇ ਆਪਣਾ ਵਿਰੋਧ ਪ੍ਰਦਰਸ਼ਨ ਕਰਦੇ ਰਹੇ।

ਕਾਰਵਾਈ ਦੀ ਪ੍ਰਧਾਨਗੀ ਕਰਦਿਆਂ ਕ੍ਰਿਸ਼ਨਾ ਪ੍ਰਸਾਦ ਤੇਨੇਤੀ ਨੇ ਵਿਰੋਧੀ ਧਿਰ ਨੂੰ ਆਪਣੀਆਂ ਸੀਟਾਂ 'ਤੇ ਬੈਠਣ ਅਤੇ ਤਖ਼ਤੀਆਂ ਹੇਠਾਂ ਰੱਖਣ ਦੀ ਅਪੀਲ ਕੀਤੀ। ਜਦੋਂ ਵਿਰੋਧੀ ਮੈਂਬਰਾਂ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ, ਤਾਂ ਉਨ੍ਹਾਂ ਨੇ ਸਦਨ ਦੀ ਕਾਰਵਾਈ ਸੋਮਵਾਰ ਤੱਕ ਲਈ ਮੁਲਤਵੀ ਕਰ ਦਿੱਤੀ।ਇਸ ਤੋਂ ਪਹਿਲਾਂ ਇਸ ਦੌਰਾਨ ਸਪੀਕਰ ਓਮ ਬਿਰਲਾ ਨੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਉਹ 'ਅਜਿਹਾ ਸਦਨ' ਨਹੀਂ ਚਲਾ ਸਕਦੇ। ਸਪੀਕਰ ਨੇ ਨੋਟ ਕੀਤਾ ਕਿ ਮੌਜੂਦਾ ਸੈਸ਼ਨ ਵਿੱਚ ਹੰਗਾਮੇ ਕਾਰਨ 19 ਘੰਟੇ 13 ਮਿੰਟ ਦਾ ਸਮਾਂ ਬਰਬਾਦ ਹੋ ਚੁੱਕਾ ਹੈ ਅਤੇ ਕਿਹਾ ਕਿ ਮੈਂਬਰ ਸਦਨ ਦਾ ਨਿਰਾਦਰ ਕਰ ਰਹੇ ਹਨ। ਜਿਵੇਂ ਹੀ ਅੱਜ ਸਦਨ ਦੀ ਕਾਰਵਾਈ ਸ਼ੁਰੂ ਹੋਈ, ਕਈ ਵਿਰੋਧੀ ਮੈਂਬਰ ਨਾਅਰੇਬਾਜ਼ੀ ਕਰਦੇ ਹੋਏ ਅਤੇ ਤਖ਼ਤੀਆਂ ਦਿਖਾਉਂਦੇ ਹੋਏ ਸਦਨ ਦੇ ਵਿਚਕਾਰ (ਵੈੱਲ) ਪਹੁੰਚ ਗਏ। ਸਪੀਕਰ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਸਦਨ ਚੱਲੇ ਅਤੇ ਲੋਕਾਂ ਨੇ ਮੈਂਬਰਾਂ ਨੂੰ ਆਪਣੇ ਮੁੱਦੇ ਉਠਾਉਣ ਲਈ ਚੁਣਿਆ ਹੈ ਨਾ ਕਿ ਨਾਅਰੇਬਾਜ਼ੀ ਕਰਨ ਲਈ। ਸੋਮਵਾਰ ਦੁਪਹਿਰ ਤੋਂ ਲੋਕ ਸਭਾ ਵਿੱਚ ਉਸ ਸਮੇਂ ਤੋਂ ਵਿਘਨ ਪੈ ਰਿਹਾ ਹੈ ਜਦੋਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਸਾਬਕਾ ਫੌਜ ਮੁਖੀ ਐਮ ਐਮ ਨਰਵਾਣੇ ਦੀ ਅਣਪ੍ਰਕਾਸ਼ਿਤ ਯਾਦਾਂ ਦੇ ਅੰਸ਼ਾਂ 'ਤੇ ਅਧਾਰਤ ਇੱਕ ਲੇਖ ਦਾ ਹਵਾਲਾ ਦੇਣ ਤੋਂ ਰੋਕ ਦਿੱਤਾ ਗਿਆ ਸੀ, ਜਿਸ ਵਿੱਚ ਉਨ੍ਹਾਂ ਨੇ 2020 ਦੇ ਭਾਰਤ-ਚੀਨ ਟਕਰਾਅ ਦਾ ਹਵਾਲਾ ਦਿੱਤਾ ਹੈ। (ਬਾਕੀ ਸਫਾ 2 'ਤੇ)

## ਪੰਜਾਬ 'ਚ ਅਗਲੇ ਤਿੰਨ ਦਿਨ ਠੰਢੀਆਂ ਹਵਾਵਾਂ ਦਾ ਅਲਰਟ

ਚੜ੍ਹਦੀਕਲਾ ਬਿਊਰੋ
================

**ਧੁੰਦ ਤੋਂ ਰਾਹਤ ਪਰ ਠਾਰ ਬਰਕਰਾਰ**

ਚੰਡੀਗੜ੍ਹ, 6 ਫਰਵਰੀ:ਪੰਜਾਬ ਵਿੱਚ ਭਾਵੇਂ ਕੜਾਕੇ ਦੀ ਠੰਢ ਲੰਘ ਗਈ ਹੋਵੇ, ਪਰ ਠਾਰ ਪੂਰੀ ਤਰ੍ਹਾਂ ਘੱਟ ਨਹੀਂ ਹੋਈ ਹੈ। ਅਗਲੇ ਤਿੰਨ ਦਿਨਾਂ ਤੱਕ ਕੁਝ ਥਾਵਾਂ 'ਤੇ ਠੰਢੀਆਂ ਹਵਾਵਾਂ ਚੱਲਦੀਆਂ ਰਹਿਣਗੀਆਂ ਅਤੇ ਭਾਵੇਂ ਤੇਜ਼ ਧੁੱਪ ਰਹੇਗੀ, ਪਰ ਠੰਢਕ ਬਣੀ ਰਹੇਗੀ। ਮੌਸਮ ਵਿਭਾਗ ਮੁਤਾਬਕ ਇਸ ਦੌਰਾਨ ਮੌਸਮ ਖੁਸ਼ਕ ਰਹੇਗਾ ਪਰ ਤੇਜ਼ ਹਵਾਵਾਂ ਕਾਰਨ ਠੰਢ ਦਾ ਅਸਰ ਬਣਿਆ ਰਹੇਗਾ ਪਰ ਲੋਕਾਂ ਨੂੰ ਠਾਰ ਮਹਿਸੂਸ ਹੁੰਦੀ ਰਹੇਗੀ। 18 ਤੋਂ 20 ਫਰਵਰੀ ਤੱਕ ਪੱਛਮੀ ਗੜਬੜੀ ਰੁਕ-ਰੁਕ ਕੇ ਹੁੰਦੀ ਰਹੇਗੀ। ਸੂਬੇ ਦਾ ਵੱਧ ਤੋਂ ਵੱਧ ਤਾਪਮਾਨ 24 ਘੰਟਿਆਂ ਵਿੱਚ 1.1 ਡਿਗਰੀ ਵਧਿਆ ਹੈ, ਜੋ ਆਮ ਦੇ ਨੇੜੇ ਪਹੁੰਚ ਗਿਆ ਹੈ। ਦਿਨ ਦਾ ਸਭ ਤੋਂ ਵੱਧ ਤਾਪਮਾਨ ਅਨੰਦਪੁਰ ਸਾਹਿਬ (ਬਾਕੀ ਸਫਾ 2 'ਤੇ)

## 'ਆਪ' ਆਗੂ ਦਾ ਗੋਲ਼ੀਆਂ ਮਾਰ ਕੇ ਕਤਲ



ਜਲੰਧਰ, 6 ਫਰਵਰੀ (ਚ.ਨ.ਸ.):ਜਲੰਧਰ ਵਿਚ ਆਮ ਆਦਮੀ ਪਾਰਟੀ (ਆਪ) ਦੇ ਨੇਤਾ ਲੱਕੀ ਓਬਰਾਏ ਦਾ ਕਤਲ ਕਰ ਦਿੱਤਾ ਗਿਆ। ਬਦਮਾਸ਼ਾਂ ਨੇ ਓਬਰਾਏ ਨੂੰ ਪੌਸ਼ ਇਲਾਕੇ ਮਾਡਲ ਟਾਊਨ ਵਿੱਚ ਸਥਿਤ ਗੁਰਦੁਆਰਾ ਸਾਹਿਬ ਦੇ ਬਾਹਰ ਪੰਜ ਗੋਲੀਆਂ ਮਾਰੀਆਂ। ਉਸ ਨੂੰ ਗੰਭੀਰ ਹਾਲਤ ਵਿੱਚ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ (ਬਾਕੀ ਸਫਾ 2 'ਤੇ)

### 'ਪ੍ਰੀਕਸ਼ਾ ਪੇ ਚਰਚਾ' 'ਚ ਪੀ.ਐਮ. ਨੇ ਤਿਆਰ ਕੀਤਾ ਸਟ੍ਰੀਟ ਮੈਨੇਜਮੈਂਟ ਦਾ ਮੰਤਰ

## 'ਪ੍ਰੀਖਿਆਵਾਂ ਜੀਵਨ ਦਾ ਅੰਤ ਨਹੀਂ, ਸਗੋਂ ਇਹ ਛੋਟਾ ਜਿਹਾ ਮੀਲ ਪੱਥਰ ਹਨ: ਮੋਦੀ

ਚੜ੍ਹਦੀਕਲਾ ਬਿਊਰੋ
================



ਨਵੀਂ ਦਿੱਲੀ, 6 ਫਰਵਰੀ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਦਿੱਲੀ ਵਿੱਚ ਪ੍ਰੀਕਸ਼ਾ ਪੇ ਚਰਚਾ (ਪੀਪੀਸੀ) ਦੇ 9ਵੇਂ ਐਡੀਸ਼ਨ ਦੌਰਾਨ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨਾਲ ਗੱਲਬਾਤ ਕੀਤੀ। ਵਿਦਿਆਰਥੀਆਂ ਨਾਲ ਇਹ ਸਾਲਾਨਾ ਗੱਲਬਾਤ ਆਮ ਤੌਰ 'ਤੇ ਪ੍ਰੀਖਿਆ ਦੇ ਤਣਾਅ ਨੂੰ ਘਟਾਉਣ 'ਤੇ ਕੇਂਦ੍ਰਿਤ ਹੁੰਦੀ ਹੈ। ਪ੍ਰਧਾਨ ਮੰਤਰੀ ਮੋਦੀ ਨੇ 2018 ਵਿੱਚ ਪੀਪੀਸੀ (ਪ੍ਰੀਕਸ਼ਾ ਪੇ ਚਰਚਾ) ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਸੀ। ਇਸ ਸਾਲ ਵਿਦਿਆਰਥੀਆਂ ਨਾਲ ਆਪਣੀ ਗੱਲਬਾਤ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਅਤੇ ਡਿਜੀਟਲ ਦੁਨੀਆਂ ਬਾਰੇ ਗੱਲ ਕੀਤੀ। (ਬਾਕੀ ਸਫਾ 2 'ਤੇ)

## ਆਰ.ਬੀ.ਆਈ. ਵੱਲੋਂ ਰੈਪੋ ਰੇਟ ਬਰਕਰਾਰ

ਚੜ੍ਹਦੀਕਲਾ ਬਿਊਰੋ
================



ਨਵੀਂ ਦਿੱਲੀ, 6 ਫਰਵਰੀ :ਭਾਰਤੀ ਰਿਜ਼ਰਵ ਬੈਂਕ ਨੇ ਆਪਣੀ ਮੁਦਰਾ ਨੀਤੀ ਮੀਟਿੰਗ ਤੋਂ ਬਾਅਦ ਇੱਕ ਵੱਡਾ ਐਲਾਨ ਕੀਤਾ। ਆਰ.ਬੀ.ਆਈ. ਨੇ ਇਸ ਵਾਰ ਰੈਪੋ ਰੇਟ ਵਿੱਚ ਕਟੌਤੀ ਨਹੀਂ ਕੀਤੀ। ਇਹ ਦਰ 5.25 ਫੀਸਦੀ 'ਤੇ ਰਹੇਗੀ। ਇਸ ਤੋਂ ਪਹਿਲਾਂ, ਆਰ.ਬੀ.ਆਈ. ਨੇ ਪਿਛਲੇ ਸਾਲ 125 ਬੇਸਿਸ ਪੁਆਇੰਟ ਦੀ ਦਰ ਘਟਾ ਦਿੱਤੀ ਸੀ। ਹਾਲਾਂਕਿ, ਇਸ ਵਾਰ, ਫਰਵਰੀ, 2026 ਦੀ ਮੀਟਿੰਗ ਵਿੱਚ ਰੈਪੋ ਰੇਟ ਨੂੰ ਕੋਈ ਬਦਲਾਅ ਨਹੀਂ ਦਿੱਤਾ ਗਿਆ ਸੀ। ਭਾਰਤੀ ਰਿਜ਼ਰਵ ਬੈਂਕ ਦੀ ਮੁਦਰਾ ਨੀਤੀ ਕਮੇਟੀ (ਐਮ.ਪੀ.ਸੀ.) ਨੇ ਸ਼ੁੱਕਰਵਾਰ ਨੂੰ ਐਫ.ਵਾਈ.27 ਦੀ ਪਹਿਲੀ ਅਤੇ ਦੂਜੀ ਤਿਮਾਹੀ ਲਈ ਆਪਣੇ ਮਹਿੰਗਾਈ ਦੇ ਅਨੁਮਾਨ ਨੂੰ ਕ੍ਰਮਵਾਰ 4 ਫੀਸਦੀ ਅਤੇ 4.2 ਫੀਸਦੀ (ਬਾਕੀ ਸਫਾ 2 'ਤੇ)



# ਚਾਂਦੀ ਦੀ ਕੀਮਤ 13,000 ਰੁਪਏ ਡਿੱਗ ਕੇ 2.55 ਲੱਖ ਪ੍ਰਤੀ ਕਿੱਲੋਗ੍ਰਾਮ ਹੋਈ

## 3,400 ਰੁਪਏ ਗਿਰਾਵਟ ਨਾਲ 1.57 ਲੱਖ ਪ੍ਰਤੀ 10 ਗ੍ਰਾਮ ਹੋਈ ਸੋਨੇ ਦੀ ਕੀਮਤ

ਨਵੀਂ ਦਿੱਲੀ, 6 ਫਰਵਰੀ (ਚ.ਨ.ਸ.) : ਰਾਸ਼ਟਰੀ ਰਾਜਧਾਨੀ ਵਿੱਚ ਸ਼ੁੱਕਰਵਾਰ ਨੂੰ ਕੀਮਤੀ ਧਾਤ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਗਿਰਾਵਟ ਆਈ। ਚਾਂਦੀ ਲੱਗਭੱਗ 5 ਪ੍ਰਤੀਸ਼ਤ ਡਿੱਗ ਕੇ 2.55 ਲੱਖ ਰੁਪਏ ਪ੍ਰਤੀ ਕਿੱਲੋਗ੍ਰਾਮ ਰਹਿ ਗਈ, ਜਦੋਂ ਕਿ ਸੋਨਾ 1.57 ਲੱਖ ਰੁਪਏ ਪ੍ਰਤੀ 10 ਗ੍ਰਾਮ ਰਹਿ ਗਿਆ, ਕਿਉਂਕਿ ਨਿਵੇਸ਼ਕਾਂ ਨੇ ਲਗਾਤਾਰ ਦੂਜੇ ਦਿਨ ਮੁਨਾਫਾ ਬੁੱਕ ਕਰਨਾ ਜਾਰੀ ਰੱਖਿਆ। ਆਲ ਇੰਡੀਆ ਸਰਾਫਾ ਐਸੋਸੀਏਸ਼ਨ ਦੇ ਅਨੁਸਾਰ, ਚਾਂਦੀ 13,000 ਰੁਪਏ ਜਾਂ 4.85 ਪ੍ਰਤੀਸ਼ਤ ਡਿੱਗ ਕੇ 2,55,000 ਰੁਪਏ ਪ੍ਰਤੀ ਕਿੱਲੋਗ੍ਰਾਮ (ਸਾਰੇ ਟੈਕਸਾਂ ਸਮੇਤ) ਰਹਿ ਗਈ। ਵੀਰਵਾਰ ਨੂੰ ਇਹ 2,68,000 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਬੰਦ ਹੋਈ ਸੀ। ਇਸੇ ਤਰ੍ਹਾਂ, 99.9 ਪ੍ਰਤੀਸ਼ਤ ਸ਼ੁੱਧਤਾ ਵਾਲਾ ਸੋਨਾ 3,400 ਰੁਪਏ ਜਾਂ 2.12 ਪ੍ਰਤੀਸ਼ਤ ਡਿੱਗ ਕੇ 1,57,200 ਰੁਪਏ ਪ੍ਰਤੀ 10 ਗ੍ਰਾਮ (ਸਾਰੇ ਟੈਕਸਾਂ ਸਮੇਤ) 'ਤੇ ਆ ਗਿਆ। ਇਸ ਦੀ ਪਿਛਲੀ ਸਮਾਪਤੀ ਕੀਮਤ 1,60,600 ਰੁਪਏ ਪ੍ਰਤੀ 10 ਗ੍ਰਾਮ ਸੀ। ਸਰਾਫਾ ਵਪਾਰੀਆਂ ਨੇ ਕਿਹਾ ਕਿ ਘਰੇਲੂ ਕੀਮਤਾਂ ਵਿੱਚ ਗਿਰਾਵਟ ਮੁੱਖ ਤੌਰ 'ਤੇ ਉੱਚ ਪੱਧਰਾਂ 'ਤੇ ਮੁਨਾਫਾ ਵਸੂਲੀ ਕਾਰਨ ਹੋਈ ਹੈ, ਜਦੋਂ ਕਿ ਦਿਨ ਦੇ ਅਖੀਰ ਵਿੱਚ ਵਿਸ਼ਵਵਿਆਪੀ



ਕੀਮਤੀ ਧਾਤਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਸ਼ੁਰੂਆਤੀ ਗਿਰਾਵਟ ਤੋਂ ਬਾਅਦ ਸਰਾਫਾ ਕੀਮਤਾਂ ਵਿੱਚ ਚਾਰ ਪ੍ਰਤੀਸ਼ਤ ਤੋਂ ਵੱਧ ਤੇਜ਼ੀ ਨਾਲ ਸੁਧਾਰ ਹੋਇਆ ਹੈ। ਸਪਾਟ ਚਾਂਦੀ 3.02ਡਾਲਰ, ਜਾਂ 4.26 ਪ੍ਰਤੀਸ਼ਤ ਵਧ ਕੇ 74 ਡਾਲਰ ਪ੍ਰਤੀ ਔਂਸ ਹੋ ਗਈ ਹੈ। ਦਿਨ ਦੇ ਸ਼ੁਰੂ ਵਿੱਚ, ਚਾਂਦੀ ਲਗਭਗ 10 ਪ੍ਰਤੀਸ਼ਤ ਡਿੱਗ ਕੇ 64.08 ਡਾਲਰ ਪ੍ਰਤੀ ਔਂਸ ਹੋ ਗਈ ਸੀ। ਸਪਾਟ ਸੋਨਾ ਵੀ 106.74 ਡਾਲਰ, ਜਾਂ 2.23 ਪ੍ਰਤੀਸ਼ਤ ਵਧ ਕੇ 4,887.30 ਡਾਲਰ ਪ੍ਰਤੀ ਔਂਸ ਹੋ ਗਿਆ ਹੈ। ਇਹ ਸੈਸ਼ਨ ਦੇ ਸ਼ੁਰੂ ਵਿੱਚ 4,654.86 ਡਾਲਰ ਪ੍ਰਤੀ ਔਂਸ ਦੇ ਹੇਠਲੇ ਪੱਧਰ ਨੂੰ ਛੂਹ ਗਿਆ ਸੀ। ਮੀਰਾਏ ਐਸੇਟ ਸ਼ੇਅਰਖਾਨ ਦੇ ਕਮੋਡਿਟੀਜ਼ ਦੇ ਮੁਖੀ ਪ੍ਰਵੀਨ ਸਿੰਘ ਨੇ ਕਿਹਾ,'ਸਪਾਟ ਸੋਨਾ ਕਮਜ਼ੋਰ ਨੋਟ 'ਤੇ ਖੁੱਲ੍ਹਿਆ ਅਤੇ 4,654 ਡਾਲਰ ਪ੍ਰਤੀ ਔਂਸ ਦੇ ਹੇਠਲੇ ਪੱਧਰ ਨੂੰ ਛੂਹ ਗਿਆ। ਹਾਲਾਂਕਿ, ਇਹ ਤੇਜ਼ੀ ਨਾਲ ਸੁਧਰਿਆ ਅਤੇ 4,880 ਡਾਲਰ ਪ੍ਰਤੀ ਔਂਸ 'ਤੇ ਵਪਾਰ ਕੀਤਾ, ਲਗਭਗ ਦੋ ਪ੍ਰਤੀਸ਼ਤ ਵੱਧ।÷ ਉਨ੍ਹਾਂ ਕਿਹਾ ਕਿ ਕਮਜ਼ੋਰ ਅਮਰੀਕੀ ਰੁਜ਼ਗਾਰ ਅੰਕੜਿਆਂ ਨੇ ਕੀਮਤੀ ਧਾਤ ਦਾ ਸਮਰਥਨ ਕੀਤਾ, ਪਰ ਅਮਰੀਕਾ-ਈਰਾਨ ਗੱਲਬਾਤ ਵਿੱਚ ਸਫਲਤਾ ਦੀਆਂ ਉਮੀਦਾਂ ਨੇ ਉੱਪਰ ਵੱਲ ਨੂੰ ਸੀਮਤ ਕਰ ਦਿੱਤਾ।

# ਦਿੱਲੀ ਵਿੱਚ 15 ਦਿਨਾਂ ਦੌਰਾਨ 509 ਮਹਿਲਾਵਾਂ ਲਾਪਤਾ; ਕਾਨੂੰਨ ਵਿਵਸਥਾ ਸਵਾਲਾਂ ਦੇ ਘੇਰੇ 'ਚ

## ਕੁੱਲ 809 ਵਿਅਕਤੀ ਲਾਪਤਾ; 'ਆਪ' ਨੇ ਕਾਨੂੰਨ ਵਿਵਸਥਾ 'ਤੇ ਚੁੱਕੇ ਸਵਾਲ; ਪੁਲਿਸ ਨੇ ਦਾਅਵਿਆਂ ਨੂੰ ਨਕਾਰਿਆ

ਨਵੀਂ ਦਿੱਲੀ, 6 ਫਰਵਰੀ (ਚ.ਨ.ਸ.) : ਕੌਮੀ ਰਾਜਧਾਨੀ ਵਿੱਚ ਲਾਪਤਾ ਵਿਅਕਤੀਆਂ ਦੀਆਂ ਸ਼ਿਕਾਇਤਾਂ ਨੂੰ ਲੈ ਕੇ ਇੱਕ ਵੱਡੀ ਬਹਿਸ ਛਿੜ ਗਈ ਹੈ। ਆਮ ਆਦਮੀ ਪਾਰਟੀ ('ਆਪ') ਨੇ ਸਿਰਫ਼ 15 ਦਿਨਾਂ ਵਿੱਚ 800 ਤੋਂ ਵੱਧ ਲੋਕਾਂ ਦੇ ਲਾਪਤਾ ਹੋਣ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਕਾਨੂੰਨ ਵਿਵਸਥਾ 'ਤੇ ਸਵਾਲ ਚੁੱਕੇ ਹਨ, ਜਦਕਿ ਪੁਲਿਸ ਨੇ ਇਨ੍ਹਾਂ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਲਾਪਤਾ ਵਿਅਕਤੀਆਂ ਦੀਆਂ ਰਿਪੋਰਟਾਂ ਵਿੱਚ ਕੋਈ ਵਾਧਾ ਨਹੀਂ ਹੋਇਆ ਹੈ, ਸਗੋਂ ਪਿਛਲੇ ਸਾਲਾਂ ਦੀ ਇਸੇ ਮਿਆਦ ਦੇ ਮੁਕਾਬਲੇ ਜਨਵਰੀ ਵਿੱਚ ਇਹ ਅੰਕੜਾ ਘਟਿਆ ਹੈ। ਦਿੱਲੀ ਪੁਲਿਸ ਦੇ ਜਨਸੰਪਰਕ ਵਿਭਾਗ ਦੇ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਨਿਰਧਾਰਤ ਸਟੈਂਡਰਡ ਓਪਰੇਟਿੰਗ ਪ੍ਰੋਸੀਜ਼ਰ (ਐਸ.ਓ.ਪੀਜ਼) ਦੇ ਅਨੁਸਾਰ, ਅਜਿਹੇ ਸਾਰੇ ਮਾਮਲਿਆਂ ਵਿੱਚ ਲਾਪਤਾ ਵਿਅਕਤੀਆਂ ਦਾ ਪਤਾ ਲਗਾਉਣ ਲਈ ਤੁਰੰਤ ਯਤਨ ਕੀਤੇ ਜਾਂਦੇ ਹਨ, ਜਿਸ ਵਿੱਚ ਲਾਪਤਾ ਬੱਚਿਆਂ ਦੇ ਮਾਮਲਿਆਂ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾਂਦੀ ਹੈ।




ਇਸ ਸਬੰਧ ਵਿੱਚ ਸਾਰੇ ਜ਼ਿਲ੍ਹਿਆਂ ਵਿੱਚ ਸਮਰਪਿਤ 'ਮਿਸਿੰਗ ਪਰਸਨ ਸਕੁਐਡ' ਕਾਰਜਸ਼ੀਲ ਹਨ ਅਤੇ ਕ੍ਰਾਈਮ ਬ੍ਰਾਂਚ ਦੀ 'ਐਂਟੀ-ਹਿਊਮਨ ਟ੍ਰੈਫਿਕਿੰਗ ਯੂਨਿਟ' ਵੀ ਪ੍ਰਭਾਵਸ਼ਾਲੀ ਕਾਰਵਾਈ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ। ਪੁਲਿਸ ਨੇ ਸਪੱਸ਼ਟ ਕੀਤਾ ਕਿ ਰਾਜਧਾਨੀ ਵਿੱਚ ਬੱਚਿਆਂ ਦੇ ਲਾਪਤਾ ਹੋਣ ਜਾਂ ਅਗਵਾ ਹੋਣ ਦੇ ਮਾਮਲਿਆਂ ਵਿੱਚ ਕਿਸੇ ਸੰਗਠਿਤ ਗਿਰੋਹ ਦੀ ਸ਼ਮੂਲੀਅਤ ਸਾਹਮਣੇ ਨਹੀਂ ਆਈ ਹੈ, ਇਸ ਲਈ ਉਨ੍ਹਾਂ ਅਪੀਲ ਕੀਤੀ ਕਿ ਅਫ਼ਵਾਹਾਂ ਵੱਲ ਧਿਆਨ ਨਾ ਦਿੱਤਾ ਜਾਵੇ। ਦਿੱਲੀ ਪੁਲਿਸ ਦੇ ਅਧਿਕਾਰਤ ਅੰਕੜਿਆਂ ਅਨੁਸਾਰ 2026 ਦੇ ਪਹਿਲੇ 15 ਦਿਨਾਂ ਵਿੱਚ ਦਿੱਲੀ ਵਿੱਚ 807 ਲੋਕ ਲਾਪਤਾ ਹੋਏ ਸਨ, ਜਿਨ੍ਹਾਂ ਵਿੱਚੋਂ ਲੱਗਭੱਗ ਦੋ-ਤਿਹਾਈ ਮਾਮਲੇ ਔਰਤਾਂ ਅਤੇ ਕੁੜੀਆਂ ਦੇ ਸਨ। 1 ਤੋਂ 15 ਜਨਵਰੀ ਦੇ ਵਿਚਕਾਰ ਔਸਤਨ ਰੋਜ਼ਾਨਾ ਲੱਗਭੱਗ 54 ਮਾਮਲੇ ਸਾਹਮਣੇ ਆਏ। ਲਾਪਤਾ ਹੋਣ ਵਾਲਿਆਂ ਵਿੱਚ 509 ਔਰਤਾਂ ਅਤੇ ਕੁੜੀਆਂ, ਜਦਕਿ 298 ਮਰਦ ਸ਼ਾਮਲ ਸਨ। ਹੁਣ ਤੱਕ ਪੁਲਿਸ ਨੇ 235 ਵਿਅਕਤੀਆਂ ਦਾ ਪਤਾ ਲਗਾ ਲਿਆ ਹੈ, ਪਰ 572 ਲੋਕ ਅਜੇ ਵੀ ਲਾਪਤਾ ਹਨ। ਇਨ੍ਹਾਂ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸੁਰੱਖਿਆ ਨੂੰ ਲੈ ਕੇ ਚਿੰਤਾ ਜ਼ਾਹਰ ਕੀਤੀ ਅਤੇ ਭਾਜਪਾ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਰਾਜਧਾਨੀ ਦੀ ਕਾਨੂੰਨ ਵਿਵਸਥਾ ਬੁਰੀ ਤਰ੍ਹਾਂ ਨਾਲ ਢਹਿ-ਢੇਰੀ ਹੋ ਚੁੱਕੀ ਹੈ। ਇਸ ਦੌਰਾਨ, 'ਆਪ' ਦਿੱਲੀ ਦੇ ਮੁਖੀ ਸੌਰਭ ਭਾਰਦਵਾਜ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਦਾਅਵਾ ਕੀਤਾ ਕਿ ਇੰਨੀ ਵੱਡੀ ਗਿਣਤੀ ਵਿੱਚ ਔਰਤਾਂ ਦੇ ਲਾਪਤਾ ਹੋਣ ਕਾਰਨ ਐਪਸਟੀਨ ਫਾਈਲਾਂ ਜਾਂ ਨਿਠਾਰੀ ਕਾਂਡ ਵਰਗੇ ਗੰਭੀਰ ਅਪਰਾਧ ਰਾਜਧਾਨੀ ਵਿੱਚ ਵਾਪਰ ਰਹੇ ਹੋ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਹ ਉਦੋਂ ਹੋ ਰਿਹਾ ਹੈ ਜਦੋਂ ਦਿੱਲੀ ਦੀ ਸ਼ਾਇਦ ਹੀ ਕੋਈ ਅਜਿਹੀ ਗਲੀ ਜਾਂ ਮੁਹੱਲਾ ਹੋਵੇਗਾ। ਜਿੱਥੇ ਸੀਸੀਟੀਵੀ ਕੈਮਰੇ ਨਾ ਲੱਗੇ ਹੋਣ। ਉਨ੍ਹਾਂ ਸਵਾਲ ਚੁੱਕਿਆ ਕਿ ਜਦੋਂ ਸ਼ਹਿਰ ਵਿੱਚ ਹਰ ਕਦਮ 'ਤੇ ਸੀਸੀਟੀਵੀ ਲੱਗੇ ਹਨ, ਤਾਂ ਇਹ ਮੰਨਣਾ ਮੁਸ਼ਕਲ ਹੈ ਕਿ 572 ਲੋਕਾਂ ਦਾ ਕੋਈ ਸੁਰਾਗ ਨਹੀਂ ਮਿਲ ਰਿਹਾ।

# ਪਾਕਿਸਤਾਨ 'ਚ ਆਤਮਘਾਤੀ ਹਮਲਾਵਰ ਵੱਲੋਂ ਦਰਗਾਹ ਅੰਦਰ ਧਮਾਕਾ; 69 ਮੌਤਾਂ; 169 ਜ਼ਖ਼ਮੀ

ਇਸਲਾਮਾਬਾਦ, 6 ਫਰਵਰੀ (ਚ.ਨ.ਸ.) : ਇਸਲਾਮਾਬਾਦ ਦੇ ਤਰਲਾਈ ਖੇਤਰ ਵਿੱਚ ਇਮਾਮ ਬਰਗਾਹ ਕਸਰ-ਏ-ਖਾਦੀਜਾਤੁਲ ਕੁਬਰਾ ਵਿੱਚ ਸ਼ੁੱਕਰਵਾਰ ਦੀ ਨਮਾਜ਼ ਦੌਰਾਨ ਧਮਾਕਾ ਹੋਇਆ, ਜਿਸ ਵਿਚ 69 ਜਣੇ ਮਾਰੇ ਗਏ ਤੇ 169 ਜ਼ਖ਼ਮੀ ਹੋਏ। ਪਾਕਿਸਤਾਨੀ ਮੀਡੀਆ ਦੀ ਰਿਪੋਰਟ ਅਨੁਸਾਰ ਜ਼ਖਮੀਆਂ ਨੂੰ ਪਾਕਿਸਤਾਨ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਪੀਆਈਐਮਐਸ) ਅਤੇ ਪੌਲੀਕਲੀਨਿਕ ਸਮੇਤ ਨੇੜਲੇ ਹਸਪਤਾਲਾਂ ਵਿੱਚ ਲਿਜਾਇਆ ਗਿਆ ਜਿੱਥੇ ਜ਼ਖਮੀਆਂ ਦਾ ਇਲਾਜ ਚੱਲ ਰਿਹਾ ਹੈ। ਦੂਜੇ ਪਾਸੇ ਹਸਪਤਾਲ ਦੇ ਅਧਿਕਾਰੀਆਂ ਨੇ ਕਿਹਾ ਕਿ ਜ਼ਖਮੀਆਂ ਦੀ ਸਹੀ ਗਿਣਤੀ ਬਾਰੇ ਸਪਸ਼ਟ ਨਹੀਂ ਹੋਇਆ। ਟੀਵੀ ਚੈਨਲਾਂ ਦੀ ਰਿਪੋਰਟ ਅਨੁਸਾਰ ਪਾਕਿਸਤਾਨ ਦੀ ਦਰਗਾਹ ਵਿਚ ਮਰਨ ਵਾਲਿਆਂ ਦੀ ਗਿਣਤੀ 69 ਤਕ ਪੁੱਜ ਗਈ ਹੈ, ਜਦਕਿ 169 ਤੋਂ ਜ਼ਿਆਦਾ ਜ਼ਖ਼ਮੀ ਹੋਏ ਹਨ।



ਚਸ਼ਮਦੀਦਾਂ ਨੇ ਕਿਹਾ ਕਿ ਇਹ ਧਮਾਕਾ ਇਮਾਮ ਬਰਗਾਹ ਦੇ ਮੁੱਖ ਦਰਵਾਜ਼ੇ ਨੇੜੇ ਹੋਇਆ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਵੀਡੀਓਜ਼ ਵਾਇਰਲ ਹੋਈਆਂ ਹਨ ਜਿਸ ਵਿੱਚ ਧਮਾਕੇ ਤੋਂ ਬਾਅਦ ਨੁਕਸਾਨੀਆਂ ਗਈਆਂ ਇਮਾਰਤਾਂ, ਟੁੱਟੇ ਹੋਏ ਸ਼ੀਸ਼ੇ ਅਤੇ ਸ਼ਰਧਾਲੂਆਂ ਅਤੇ ਸਥਾਨਕ ਨਿਵਾਸੀਆਂ ਨੂੰ ਜ਼ਖਮੀਆਂ ਦੀ ਮਦਦ ਕਰਦੇ ਦਿਖਾਇਆ ਗਿਆ ਹੈ। ਮੁੱਢਲੀ ਜਾਣਕਾਰੀ ਤੋਂ ਪਤਾ ਲੱਗਿਆ ਹੈ ਕਿ ਇੱਕ ਆਤਮਘਾਤੀ ਹਮਲਾਵਰ ਨੇ ਖੇਤਰ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਪਰ ਸੁਰੱਖਿਆ ਗਾਰਡਾਂ ਵਲੋਂ ਰੋਕੇ ਜਾਣ ਤੋਂ ਬਾਅਦ ਉਸ ਨੇ ਗੇਟ 'ਤੇ ਆਤਮਘਾਤੀ ਬੰਬ ਦਾ ਬਟਨ ਦਬਾ ਦਿੱਤਾ।

### ਕਾਂਗਰਸ ਨੇ ਨਵਜੋਤ ਕੌਰ ਸਿੱਧੂ

ਗੱਲਬਾਤ ਕੀਤੀ ਅਤੇ ਕਈ ਮਹੱਤਵਪੂਰਨ ਮੁੱਦਿਆਂ 'ਤੇ ਪੰਜਾਬ ਅਤੇ ਕੇਂਦਰ ਸਰਕਾਰਾਂ ਨੂੰ ਘੇਰਿਆ। ਭੁਪੇਸ਼ ਬਘੇਲ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਨਵਜੋਤ ਕੌਰ ਸਿੱਧੂ ਨੂੰ ਪਹਿਲਾਂ ਪਾਰਟੀ ਵਿੱਚੋਂ ਮੁਅੱਤਲ ਕੀਤਾ ਗਿਆ ਸੀ, ਜਦੋਂ ਕਿ ਹੁਣ ਉਨ੍ਹਾਂ ਨੂੰ ਕੱਢ ਦਿੱਤਾ ਗਿਆ ਹੈ।

### ਅਗਲੇ ਸਾਲ 20 ਫਰਵਰੀ ਤੱਕ ਸੰਤ ਸੰਮੇਲਨ,

ਸੰਭਾਲ ਦਾ ਵਿਸਤਾਰ ਕਰਦਾ ਹੈ ਅਤੇ ਲੋਕ ਭਲਾਈ ਤੇ ਅਧਾਰਿਤ ਫੈਸਲੇ ਲੈਂਦਾ ਹੈ।

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਕਰਵਾਏ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੰਗਤ ਨੂੰ ਵਧਾਈ ਦਿੱਤੀ ਅਤੇ ਕਿਹਾ, 'ਗੁਰੂ ਜੀ ਦੇ ਸੰਦੇਸ਼ ਨੂੰ ਦੁਨੀਆਂ ਭਰ ਵਿੱਚ ਫੈਲਾਉਣਾ ਸਾਡਾ ਸਮੂਹਿਕ ਫਰਜ਼ ਹੈ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਹਰੇਕ ਤਰ੍ਹਾਂ ਦੇ ਭੇਦਭਾਵ ਤੋਂ ਮੁਕਤ ਬਰਾਬਰੀ ਵਾਲੇ ਸਮਾਜ ਦੀ ਕਲਪਨਾ ਕੀਤੀ ਸੀ।' ਸੰਗਤ ਵਿੱਚ ਹਾਜ਼ਰੀ ਲਵਾ ਕੇ ਆਪਣੇ ਆਪ ਨੂੰ ਭਾਗਾਂ ਵਾਲਾ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਰੋਸਾ ਦਿੱਤਾ ਕਿ 'ਸੂਬਾ ਸਰਕਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਉਣ ਵਾਲੇ 650ਵੇਂ ਪ੍ਰਕਾਸ਼ ਪੁਰਬ ਨੂੰ ਵਿਆਪਕ ਪੱਧਰ ਉੱਤੇ ਮਨਾਉਣ ਵਿੱਚ ਕੋਈ ਕਸਰ ਨਹੀਂ ਛੱਡੇਗੀ।'

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਹਾਲ ਹੀ ਵਿੱਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਦੇ ਪਵਿੱਤਰ ਮੌਕੇ ਨੂੰ ਲੜੀਵਾਰ ਸਮਾਗਮ ਕਰਕੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਵੀ ਵਿਆਪਕ ਢੰਗ ਨਾਲ ਮਨਾਉਣ ਲਈ ਸਾਲ ਭਰ ਚੱਲਣ ਵਾਲੇ ਸਮਾਗਮ ਉਲੀਕੇ ਗਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਖੁਰਾਲਗੜ੍ਹ ਦੀ ਪਾਵਨ ਧਰਤੀ ਨਾਲ ਜੁੜ ਕੇ ਸੁਭਾਗਾ ਮਹਿਸੂਸ ਕਰਦੇ ਹਨ ਕਿਉਂਕਿ ਗੁਰੂ ਜੀ ਨੇ ਇੱਥੇ ਚਾਰ ਸਾਲ ਤੋਂ ਵੱਧ ਸਮਾਂ ਰਹਿ ਕੇ ਭਗਤੀ ਕੀਤੀ ਅਤੇ ਬਰਾਬਰਤਾ ਦਾ ਸੰਦੇਸ਼ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਾਨ ਵਿਰਾਸਤ ਨੂੰ ਕਾਇਮ ਰੱਖਣ ਲਈ ਸੂਬਾ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਖੋਜ ਲਈ ਚੇਅਰਾਂ ਸਥਾਪਤ ਕੀਤੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਸੰਤ ਸਮਾਜ ਦੀ ਅਗਵਾਈ ਹੇਠ ਸੂਬਾ ਸਰਕਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਸਮਾਗਮ ਕਰਵਾਏਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਸੀਂ ਸਾਰੇ ਭਾਗਾਂ ਵਾਲੇ ਹਾਂ ਕਿ ਸਾਨੂੰ ਗੁਰੂ ਜੀ ਦੇ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਆਪਣੇ ਜੀਵਨ ਵਿੱਚ ਸੁਭਾਗ ਹਾਸਲ ਹੋਇਆ ਹੈ।

ਸਮਾਜ ਦੇ ਕਮਜ਼ੋਰ ਅਤੇ ਪੱਛੜੇ ਵਰਗਾਂ ਦੀਆਂ ਸਮੱਸਿਆਵਾਂ ਦੂਰ ਕਰਨ ਲਈ ਅਣਥੱਕ ਮਿਹਨਤ ਕਰਨ ਦਾ ਪ੍ਰਣ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਦੇ ਅਨੁਸਾਰ ਉਹ ਇਹ ਭਾਵਨਾ ਰੱਖਦੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਗਰੀਬ ਤੋਂ ਗਰੀਬ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ ਜਿਸ ਲਈ ਲੋਕ ਭਲਾਈ ਦੀਆਂ ਕਈ ਵੱਡੀਆਂ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਆਸ਼ੀਰਵਾਦ ਨਾਲ ਉਨ੍ਹਾਂ ਦੀ ਸਰਕਾਰ ਭਾਰੀ ਬਹੁਮਤ ਨਾਲ ਸੱਤਾ ਵਿੱਚ ਆਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਮਾਨਤਾਵਾਦੀ ਸਮਾਜ ਦੀ ਸਿਰਜਣਾ ਲਈ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਸਮੁੱਚੀ ਮਨੁੱਖਤਾ ਦੀ ਭਲਾਈ ਅਤੇ ਸਮਾਜ ਦੇ ਸਾਰੇ ਵਰਗਾਂ ਦੀ ਬਰਾਬਰੀ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਅਜਿਹੇ ਆਦਰਸ਼ ਸਮਾਜ ਦਾ ਸੰਕਲਪ ਲਿਆ, ਜਿੱਥੇ ਕਿਸੇ ਨੂੰ ਵੀ ਕਿਸੇ ਕਿਸਮ ਦਾ ਦੁੱਖ ਨਾ ਹੋਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਅਤੇ ਦਰਸ਼ਨ 'ਤੇ ਅਧਾਰਤ ਸਮਾਜ ਦੀ ਸਿਰਜਣਾ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਮਹਾਨ ਜੀਵਨ ਅਤੇ ਸਿੱਖਿਆਵਾਂ ਮਨੁੱਖਤਾ ਨੂੰ ਬਰਾਬਰੀ ਵਾਲਾ ਸਮਾਜ ਸਿਰਜਣ ਵੱਲ ਸੇਧਿਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਸਮਾਜ ਦੇ ਗਰੀਬ ਅਤੇ ਪੱਛੜੇ ਵਰਗਾਂ ਦੇ ਮਹਾਨ ਅਧਿਆਤਮਕ ਦੂਤ ਅਤੇ ਮਸੀਹਾ ਸਨ, ਜਿਨ੍ਹਾਂ ਨੇ ਸਾਨੂੰ ਜੀਵਨ ਜਿਊਣ ਦਾ ਸਹੀ ਰਸਤਾ ਦਿਖਾਇਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਇਹ 'ਪ੍ਰਕਾਸ਼ ਪੁਰਬ' ਇੱਕ ਅਜਿਹੇ ਸਮਾਜ ਦੀ ਸਿਰਜਣਾ ਲਈ ਆਪਣੇ ਆਪ ਨੂੰ ਸਮਰਪਿਤ ਕਰਨ ਦਾ ਮੌਕਾ ਹੈ ਜਿੱਥੇ ਹਰ ਮਨੁੱਖ ਬਿਨਾਂ ਕਿਸੇ ਭੇਦਭਾਵ ਦੇ ਸਵੈ-ਮਾਣ ਨਾਲ ਜੀਵਨ ਜੀਵੇ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਭਾਰਤ ਰਤਨ ਬਾਬਾ ਸਾਹਿਬ ਬੀ.ਆਰ. ਅੰਬੇਡਕਰ ਦੀ ਵਿਚਾਰਧਾਰਾ ਅਨੁਸਾਰ ਸੂਬਾ ਸਰਕਾਰ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਮਿਆਰੀ ਸਿੱਖਿਆ ਦੇ ਕੇ ਉਨ੍ਹਾਂ ਨੂੰ ਸਸ਼ਕਤ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੁਆਰਾ ਸਥਾਪਿਤ 'ਸਕੂਲ ਆਫ਼ ਐਮੀਨੈਂਸ' ਹੋਣਹਾਰ ਗ਼ਰੀਬ ਵਿਦਿਆਰਥੀਆਂ ਨੂੰ ਖੁਸ਼ਹਾਲ ਭਵਿੱਖ ਲਈ ਤਿਆਰ ਕਰਕੇ ਬਾਬਾ ਸਾਹਿਬ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ। ਇਸ ਮੌਕੇ ਭਗਵੰਤ ਸਿੰਘ ਮਾਨ ਨੇ ਸ਼ਰਧਾਲੂਆਂ ਨੂੰ ਸੂਬੇ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਅਰਦਾਸ-ਬੇਨਤੀ ਕਰਨ ਦੀ ਅਪੀਲ ਵੀ ਕੀਤੀ ਅਤੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਆਸ਼ੀਰਵਾਦ ਨਾਲ ਸੂਬਾ ਸਰਕਾਰ ਛੇਤੀ ਹੀ ਪੰਜਾਬ ਨੂੰ ਰੰਗਲਾ ਅਤੇ ਪ੍ਰਗਤੀਸ਼ੀਲ ਸੂਬਾ ਬਣਾਏਗੀ।

ਮੁੱਖ ਮੰਤਰੀ ਨੇ ਕਿਹਾ ਕਿ 'ਮੁੱਖ ਮੰਤਰੀ ਸਿਹਤ ਯੋਜਨਾ' ਸੂਬੇ ਭਰ ਵਿੱਚ ਲਾਗੂ ਕੀਤੀ ਜਾ ਰਹੀ ਹੈ, ਜੋ ਕਿ ਸੂਬੇ ਦਾ ਸਭ ਤੋਂ ਵੱਡਾ ਸਿਹਤ ਸੁਧਾਰ ਪ੍ਰੋਗਰਾਮ ਹੈ। ਉਨ੍ਹਾਂ ਕਿਹਾ ਕਿ ਹੁਣ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਨਕਦੀ ਰਹਿਤ ਇਲਾਜ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਇੱਕ ਪਰਿਵਾਰ 5 ਲੱਖ ਰੁਪਏ ਤੱਕ ਦਾ ਇਲਾਜ ਕਰਵਾ ਸਕਦਾ ਸੀ, ਜਿਸ ਨੂੰ ਹੁਣ ਵਧਾ ਕੇ 10 ਲੱਖ ਰੁਪਏ ਕਰ ਦਿੱਤਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਯੋਜਨਾ ਨਾਲ ਲੱਗਭੱਗ 65 ਲੱਖ ਪਰਿਵਾਰਾਂ ਨੂੰ ਲਾਭ ਹੋਵੇਗਾ, ਜਿਸ ਦਾ ਉਦੇਸ਼ ਸਮਾਜ ਦੇ ਹਰ ਵਰਗ ਦੀ ਭਲਾਈ ਨੂੰ ਯਕੀਨੀ ਬਣਾਉਣਾ ਹੈ।

ਮੁੱਖ ਮੰਤਰੀ ਨੇ ਲੋਕਾਂ ਨੂੰ ਸਮਾਜ ਵਿੱਚ ਪ੍ਰਚਲਿਤ ਵੱਖ-ਵੱਖ ਸਮਾਜਿਕ ਬੁਰਾਈਆਂ ਨੂੰ ਖਤਮ ਕਰਨ ਲਈ ਸ੍ਰੀ ਗੁਰੂ ਰਵਿਦਾਸ ਜੀ ਦੁਆਰਾ ਦਿਖਾਏ ਮਾਰਗ 'ਤੇ ਚੱਲਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਸਮੁੱਚੀ ਦੁਨੀਆਂ ਨੂੰ ਮਨੁੱਖਤਾ ਦਾ ਰਾਹ ਦਿਖਾਇਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਰਵੀਦਾਸ ਜੀ ਦੀ ਬਾਣੀ ਸਮਾਜ ਨੂੰ ਵੱਖ-ਵੱਖ ਸਮੱਸਿਆਵਾਂ ਤੋਂ ਮੁਕਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ

## ਪਹਿਲੇ ਸਫ਼ੇ ਦੀ ਬਾਕੀ

ਨੇ ਖੁਰਾਲਗੜ੍ਹ ਵਿੱਚ ਲੱਗਭੱਗ 148 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਵਿਸ਼ਵ ਪੱਧਰੀ ਯਾਦਗਾਰ ਬਣਾਈ ਹੈ ਅਤੇ ਇਹ ਸੂਬਾ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਨਿਮਰ ਸ਼ਰਧਾਂਜਲੀ ਹੈ। ਉਨ੍ਹਾਂ ਕਿਹਾ ਕਿ ਇਹ ਯਾਦਗਾਰ ਸੈਲਾਨੀ ਸਹੂਲਤਾਂ ਵਾਲੀ ਇਮਾਰਤ, ਬਹੁ-ਪੱਧਰੀ ਪਾਰਕਿੰਗ, ਮੀਨਾਰ-ਏ-ਬੇਗਮਪੁਰਾ, ਸੰਗਤ ਹਾਲ, ਅਤਿ-ਆਧੁਨਿਕ ਆਡੀਟੋਰੀਅਮ ਅਤੇ ਹੋਰ ਸਹੂਲਤਾਂ ਨਾਲ ਲੈਸ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਸਮੁੱਚੀ ਮਨੁੱਖਤਾ ਦੀ ਭਲਾਈ ਅਤੇ ਸਮਾਜ ਦੇ ਸਾਰੇ ਵਰਗਾਂ ਦੀ ਬਰਾਬਰੀ ਦਾ ਸੰਦੇਸ਼ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਅਧਿਐਨ ਕੇਂਦਰ ਲਈ 10 ਕਰੋੜ ਰੁਪਏ ਦੀ ਲਾਗਤ ਨਾਲ ਜਲੰਧਰ ਦੇ ਪਿੰਡ ਫਰੀਦਪੁਰ ਅਤੇ ਨੌਗਜ਼ਾ ਵਿੱਚ 12 ਏਕੜ ਜ਼ਮੀਨ ਖਰੀਦੀ ਹੈ। ਉਨ੍ਹਾਂ ਨੇ ਕਲਪਨਾ ਕੀਤੀ ਕਿ ਇਹ ਅਤਿ-ਆਧੁਨਿਕ ਕੇਂਦਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਅਤੇ ਦਰਸ਼ਨ 'ਤੇ ਵਿਸ਼ਾਲ ਅਧਿਐਨ ਕੇਂਦਰ ਵਜੋਂ ਉਭਰੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਕੇਂਦਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦੇ ਪ੍ਰਚਾਰ ਦੇ ਨਾਲ-ਨਾਲ ਸਿੱਖਿਆ ਅਤੇ ਸ਼ਰਧਾ ਦੇ ਚਾਨਣ ਮੁਨਾਰੇ ਵਜੋਂ ਕੰਮ ਕਰੇਗਾ।

ਆਪਣੇ ਸੰਬੋਧਨ ਵਿੱਚ ਸੀਨੀਅਰ ਆਪ ਆਗੂ ਮਨੀਸ਼ ਸਿਸੋਦੀਆ ਨੇ ਕਿਹਾ ਕਿ ਉਹ ਖੁਰਾਲਗੜ੍ਹ ਦੀ ਇਸ ਪਵਿੱਤਰ ਧਰਤੀ 'ਤੇ ਆਉਣ ਦਾ ਮੌਕਾ ਮਿਲਣ 'ਤੇ ਖੁਦ ਨੂੰ ਸੁਭਾਗਾ ਮਹਿਸੂਸ ਕਰ ਰਹੇ ਹਨ, ਜਿੱਥੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੇ ਚਰਨ ਪਾਏ। ਉਨ੍ਹਾਂ ਕਿਹਾ ਕਿ ਗੁਰੂ ਜੀ ਨੇ ਇਸ ਧਰਤੀ ਤੋਂ ਮਨੁੱਖਤਾ ਲਈ ਬਰਾਬਰਤਾ ਦਾ ਸੰਦੇਸ਼ ਦਿੱਤਾ ਅਤੇ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਵੀ ਸਮਾਜ ਦੇ ਸਾਰੇ ਵਰਗਾਂ ਨੂੰ ਬਰਾਬਰ ਅਧਿਕਾਰ ਪ੍ਰਦਾਨ ਕਰਕੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਾਰਗ 'ਤੇ ਚੱਲ ਰਹੀਆਂ ਹਨ। ਮਨੀਸ਼ ਸਿਸੋਦੀਆ ਨੇ ਅੱਗੇ ਕਿਹਾ ਕਿ ਅੱਜ ਪੰਜਾਬ ਵਿੱਚ ਬਰਾਬਰੀ ਦੇ ਸਿਧਾਂਤ ਨੂੰ ਕਾਇਮ ਰੱਖਦਿਆਂ ਸੂਬਾ ਸਰਕਾਰ ਹਰੇਕ ਨਾਗਰਿਕ ਨੂੰ ਸਿੱਖਿਆ, ਸਿਹਤ ਅਤੇ ਹੋਰ ਸਹੂਲਤਾਂ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਸਿਰਫ਼ ਪੰਜਾਬ ਹੀ ਨਹੀਂ, ਸਗੋਂ ਸਮੁੱਚੇ ਦੇਸ਼ ਨੂੰ ਅਜਿਹੇ ਸੰਕਲਪ ਦੀ ਲੋੜ ਹੈ ਜਿੱਥੇ ਹਰ ਵਿਅਕਤੀ ਨਾਲ ਬਰਾਬਰ ਵਿਵਹਾਰ ਕੀਤਾ ਜਾਵੇ। ਇਸ ਮੌਕੇ ਕਈ ਕੈਬਨਿਟ ਮੰਤਰੀ, ਸੰਸਦ ਮੈਂਬਰ, ਵਿਧਾਇਕ, ਸੰਤ ਸਮਾਜ ਦੀਆਂ ਸਤਿਕਾਰਤ ਸ਼ਖਸੀਅਤਾਂ ਅਤੇ ਹੋਰ ਵੀ ਮੌਜੂਦ ਸਨ।

### ਸੰਸਦ ਲਗਾਤਾਰ ਹੰਗਾਮੇ ਕਾਰਨ ਠੱਪ

ਪ੍ਰਦਰਸ਼ਨਕਾਰੀ ਮੈਂਬਰਾਂ ਨੂੰ ਸਦਨ ਚੱਲਣ ਦੇਣ ਦੀ ਅਪੀਲ ਕਰਦੇ ਹੋਏ ਬਿਰਲਾ ਨੇ ਇਹ ਵੀ ਕਿਹਾ ਕਿ ਕਾਂਗਰਸ ਸਾਂਸਦ ਪ੍ਰਿਯੰਕਾ ਗਾਂਧੀ ਲਈ ਇੱਕ ਸਵਾਲ ਵੀ ਨਿਸ਼ਚਿਤ ਹੈ। ਹੰਗਾਮਾ ਜਾਰੀ ਰਹਿਣ ਕਾਰਨ ਸਪੀਕਰ ਨੇ ਕਾਰਵਾਈ ਸ਼ੁਰੂ ਹੋਣ ਦੇ ਚਾਰ ਮਿੰਟ ਤੋਂ ਵੀ ਘੱਟ ਸਮੇਂ ਵਿੱਚ ਸਦਨ ਮੁਲਤਵੀ ਕਰ ਦਿੱਤਾ। ਵਿਰੋਧੀ ਮੈਂਬਰਾਂ ਨੂੰ ਸਰਕਾਰੀ ਬੈਂਚਾਂ ਵੱਲ ਨਾ ਜਾਣ ਦੀ ਚੇਤਾਵਨੀ ਦਿੰਦਿਆਂ ਉਨ੍ਹਾਂ ਕਿਹਾ, 'ਮੈਂ ਅਜਿਹਾ ਸਦਨ ਨਹੀਂ ਚਲਾ ਸਕਦਾ।' ਸਰਕਾਰ ਅਤੇ ਵਿਰੋਧੀ ਧਿਰ ਵੱਖ-ਵੱਖ ਮੁੱਦਿਆਂ 'ਤੇ ਆਹਮੋ-ਸਾਹਮਣੇ ਹਨ। ਇੱਕ ਬੇਮਿਸਾਲ ਘਟਨਾਕ੍ਰਮ ਵਿੱਚ, ਲੋਕ ਸਭਾ ਨੇ ਵਿਰੋਧੀ ਸੰਸਦ ਮੈਂਬਰਾਂ ਦੀ ਲਗਾਤਾਰ ਨਾਅਰੇਬਾਜ਼ੀ ਦੇ ਚਲਦਿਆਂ ਪ੍ਰਧਾਨ ਮੰਤਰੀ ਦੇ ਰਵਾਇਤੀ ਜਵਾਬ ਤੋਂ ਬਿਨਾਂ ਹੀ ਵੀਰਵਾਰ ਨੂੰ ਧੰਨਵਾਦ ਦਾ ਮਤਾ ਪਾਸ ਕਰ ਦਿੱਤਾ ਗਿਆ।

### ਭਾਰਤ ਨੇ 6ਵੀਂ ਵਾਰ ਜਿੱਤਿਆ ਅੰਡਰ-19 ਵਰਲਡ ਕੱਪ

ਹਾਲਾਂਕਿ ਇੰਗਲੈਂਡ ਦੇ ਕਾਲੇਬ ਫਾਕਨਰ ਨੇ 115 ਦੌੜਾਂ ਬਣਾ ਕੇ ਲੜਾਈ ਲੜਨ ਦੀ ਕੋਸ਼ਿਸ਼ ਕੀਤੀ, ਪਰ ਭਾਰਤੀ ਗੇਂਦਬਾਜ਼ਾਂ ਸਾਹਮਣੇ ਉਹ ਜ਼ਿਆਦਾ ਦੇਰ ਟਿਕ ਨਹੀਂ ਸਕੇ। ਭਾਰਤ ਵੱਲੋਂ ਆਰ.ਐਸ. ਅੰਬਰੀਸ਼ ਨੇ ਸਭ ਤੋਂ ਵੱਧ 3 ਵਿਕਟਾਂ ਲਈਆਂ, ਜਦਕਿ ਦੀਪੇਸ਼ ਦੇਵੇਂਦਰਨ ਅਤੇ ਕਨਿਸ਼ਕ ਚੌਹਾਨ ਨੇ 2-2 ਵਿਕਟਾਂ ਝਟਕਾਈਆਂ। ਇਸ ਸ਼ਾਨਦਾਰ ਜਿੱਤ ਨਾਲ ਭਾਰਤ ਨੇ ਇੱਕ ਵਾਰ ਫਿਰ ਵਿਸ਼ਵ ਕ੍ਰਿਕਟ ਵਿੱਚ ਆਪਣੀ ਸਰਦਾਰੀ ਸਾਬਤ ਕਰ ਦਿੱਤੀ ਹੈ।

### ਆਰ.ਬੀ.ਆਈ. ਵੱਲੋਂ ਰੈਪੋ ਰੇਟ ਬਰਕਰਾਰ

ਤੱਕ ਵਧਾ ਦਿੱਤਾ, ਜੋ ਕਿ ਮੁਦਰਾਸਫੀਤੀ ਵਿੱਚ ਤੇਜ਼ੀ ਨਾਲ ਗਿਰਾਵਟ ਦੀਆਂ ਪਿਛਲੀਆਂ ਉਮੀਦਾਂ ਤੋਂ ਹਟਣ ਦਾ ਸੰਕੇਤ ਹੈ। ਇਹ ਬਦਲਾਅ ਐਮ.ਪੀ.ਸੀ. ਦੀ ਤਿੰਨ ਦਿਨਾਂ ਨੀਤੀ ਸਮੀਖਿਆ ਦੇ ਅਖੀਰ ਵਿੱਚ ਆਇਆ, ਜਿਸ ਵਿੱਚ ਕੇਂਦਰੀ ਬੈਂਕ ਨੇ ਰੈਪੋ ਰੇਟ ਨੂੰ 5.25 ਫੀਸਦੀ 'ਤੇ ਕੋਈ ਬਦਲਾਅ ਨਹੀਂ ਰੱਖਿਆ। ਇਹ ਕਦਮ ਦਰਸਾਉਂਦਾ ਹੈ ਕਿ ਆਰ.ਬੀ.ਆਈ. ਮੁਦਰਾਸਫੀਤੀ ਦੇ ਦ੍ਰਿਸ਼ਟੀਕੋਣ ਬਾਰੇ ਵਧੇਰੇ ਸਾਵਧਾਨ ਹੋ ਰਿਹਾ ਹੈ, ਭਾਵੇਂ ਇਹ ਵਿਆਜ ਦਰਾਂ 'ਤੇ ਸਥਿਰ ਰੁਖ਼ ਬਣਾਈ ਰੱਖਦਾ ਹੈ। ਆਰ.ਬੀ.ਆਈ. ਦੇ ਗਵਰਨਰ ਸੰਜੇ ਮਲਹੋਤਰਾ ਨੇ ਕਿਹਾ ਕਿ ਹਾਲ ਹੀ ਦੇ ਸੌਦਿਆਂ ਨੇ ਵਿਕਾਸ ਦੇ ਦ੍ਰਿਸ਼ਟੀਕੋਣ ਨੂੰ ਹਾਂਪੱਖੀ ਰੱਖਿਆ ਹੈ। ਗਵਰਨਰ ਨੇ ਕਿਹਾ ਕਿ ਭਾਰਤੀ ਅਰਥਵਿਵਸਥਾ ਮਜ਼ਬੂਤ ਬਣੀ ਹੋਈ ਹੈ। ਆਰ.ਬੀ.ਆਈ. ਗਵਰਨਰ ਨੇ ਮੀਟਿੰਗ ਤੋਂ ਬਾਅਦ ਕੋਈ ਰੈਪੋ ਰੇਟ ਕਟੌਤੀ ਦਾ ਐਲਾਨ ਨਹੀਂ ਕੀਤਾ, ਪਰ ਇਸ ਤੋਂ ਪਹਿਲਾਂ ਇਸ ਦੀ ਉਮੀਦ ਕੀਤੀ ਜਾ ਰਹੀ ਸੀ। ਮਾਹਿਰਾਂ ਦਾ ਮੰਨਣਾ ਸੀ ਕਿ ਫਰਵਰੀ ਵਿੱਚ ਰੈਪੋ ਰੇਟ ਵਿੱਚ ਕਟੌਤੀ ਦੀ ਸੰਭਾਵਨਾ ਨਹੀਂ ਹੈ ਅਤੇ ਇਹੀ ਹੋਇਆ। ਕੇਂਦਰੀ ਬਜਟ 2026 ਵਿੱਚ ਪੂੰਜੀ ਖਰਚ ਵਿੱਚ 12 ਫੀਸਦੀ ਵਾਧਾ ਅਤੇ 4.3 ਫੀਸਦੀ ਦੇ ਵਿੱਤੀ ਘਾਟੇ ਦਾ ਟੀਚਾ ਹੈ। ਬਾਹਰੀ ਵਾਤਾਵਰਣ ਵਿੱਚ ਵੀ ਸੁਧਾਰ ਹੁੰਦਾ ਜਾਪਦਾ ਹੈ। ਅਮਰੀਕਾ ਨੇ ਭਾਰਤ 'ਤੇ ਟੈਰਿਫ ਘਟਾ ਕੇ 18 ਫੀਸਦੀ ਕਰ ਦਿੱਤਾ ਹੈ, ਅਤੇ ਭਾਰਤ-ਈਯੂ ਐਫ.ਟੀ.ਏ. ਤੋਂ ਵਪਾਰ ਅਤੇ ਪੂੰਜੀ ਪ੍ਰਵਾਹ ਦਾ ਸਮਰਥਨ ਕਰਨ ਦੀ ਉਮੀਦ ਹੈ। ਆਰ.ਬੀ.ਆਈ. ਨੇ ਇਹ ਫੈਸਲਾ ਇਨ੍ਹਾਂ ਸਕਾਰਾਤਮਕ ਸੰਕੇਤਾਂ ਦੇ ਆਧਾਰ 'ਤੇ ਲਿਆ ਹੈ। ਆਰ.ਬੀ.ਆਈ. ਨੇ ਪਿਛਲੇ ਸਾਲ ਆਮ ਨਾਗਰਿਕਾਂ ਲਈ ਈ.ਐਮ.ਆਈ. ਵਿੱਚ ਕਾਫ਼ੀ ਕਮੀ ਕੀਤੀ। ਫਰਵਰੀ, 2025 ਅਤੇ ਦਸੰਬਰ, 2025 ਦੇ ਵਿਚਕਾਰ, ਦਰ ਵਿੱਚ ਚਾਰ ਵਾਰ ਕਟੌਤੀ ਕੀਤੀ ਗਈ ਸੀ, ਕੁੱਲ 125 ਅਧਾਰ ਅੰਕ। ਫਰਵਰੀ, 2025 ਵਿੱਚ 0.25 ਫੀਸਦੀ, ਅਪ੍ਰੈਲ ਵਿੱਚ 0.25 ਫੀਸਦੀ ਅਤੇ ਜੂਨ ਵਿੱਚ 0.5 ਫੀਸਦੀ ਦੀ ਕਟੌਤੀ ਕੀਤੀ ਗਈ ਸੀ। ਅਗਸਤ ਅਤੇ ਅਕਤੂਬਰ ਵਿੱਚ ਇੱਕ ਵਿਰਾਮ ਤੋਂ ਬਾਅਦ, ਦਸੰਬਰ ਵਿੱਚ ਇੱਕ ਹੋਰ 0.25 ਫੀਸਦੀ ਕਟੌਤੀ ਲਗਾਈ ਗਈ ਸੀ।

### 'ਪ੍ਰੀਖਿਆਵਾਂ ਜੀਵਨ ਦਾ ਅੰਤ ਨਹੀਂ

ਪ੍ਰਧਾਨ ਮੰਤਰੀ ਮੋਦੀ ਨੇ ਵਿਦਿਆਰਥੀਆਂ ਨੂੰ ਕਿਹਾ ਕਿ 'ਪ੍ਰੀਖਿਆਵਾਂ ਜ਼ਿੰਦਗੀ ਦਾ ਅੰਤ ਨਹੀਂ ਹਨ, ਸਗੋਂ ਇੱਕ ਛੋਟਾ ਜਿਹਾ ਮੀਲ ਪੱਥਰ ਹਨ।'ਪਰੀਕਸ਼ਾ ਪੇ ਚਰਚਾ ਦੌਰਾਨ ਜਦੋਂ ਇੱਕ ਵਿਦਿਆਰਥੀ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਪੁੱਛਿਆ ਕਿ ਏਆਈ ਦੇ ਯੁੱਗ ਵਿੱਚ ਪੜ੍ਹਾਈ 'ਤੇ ਕਿਵੇਂ ਧਿਆਨ ਕੇਂਦਰਿਤ ਕਰੀਏ, ਤਾਂ ਪ੍ਰਧਾਨ ਮੰਤਰੀ ਮੋਦੀ ਨੇ ਸਾਦਾ ਜਵਾਬ ਦਿੱਤਾ। ਉਨ੍ਹਾਂ ਕਿਹਾ ਕਿ ਤਕਨਾਲੋਜੀ ਤੋਂ ਡਰਨ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਸ ਨੂੰ ਆਪਣਾ ਦੋਸਤ ਬਣਾਉਣ ਦੀ ਲੋੜ ਹੈ। ਸਾਨੂੰ ਏਆਈ ਨਾਲੋਂ ਮਨੁੱਖੀ ਬੁੱਧੀ ਨੂੰ ਤਰਜੀਹ ਦੇਣੀ ਚਾਹੀਦੀ ਹੈ। ਪਰੀਕਸ਼ਾ ਪੇ ਚਰਚਾ 2026 ਦੌਰਾਨ ਗੇਮਿੰਗ ਬਾਰੇ ਇੱਕ ਵਿਦਿਆਰਥੀ ਦੇ ਸਵਾਲ ਦੇ ਜਵਾਬ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇੱਕ ਸ਼ੌਕ ਨੂੰ ਇੱਕ ਪ੍ਰੈਕਟੀਕਲ ਚੀਜ ਵਿੱਚ ਬਦਲਣ ਲਈ ਕਿਸੇ ਨੂੰ ਆਪਣੀ ਬਣਾਈਆਂ ਚੀਜ਼ਾਂ ਸ਼ੇਅਰ ਕਰਨੀਆਂ ਚਾਹੀਦੀਆਂ। ਉਨ੍ਹਾਂ ਨੇ ਅੱਗੇ ਕਿਹਾ ਕਿ ਫੀਡਬੈਕ ਤੋਂ ਨਵੇਂ ਆਇਡੀਆ ਮਿਲਦੇ ਹਨ ਤੇ ਅਖੀਰ ਵਿਚ ਸਫਲਤਾ ਮਿਲਦ ਹੈ, ਪਰ ਗੇਮਿੰਗ ਵਿਚ ਤੁਹਾਡਾ ਇੰਟਰੇਸਟ ਹੈ ਤਾਂ ਸਭ ਚੁੱਪਚਾਪ ਕਰਦੇ ਰਹੋ, ਜਦੋਂ ਤੁਸੀਂ ਸਫਲ ਹੋਵੋਗੇ ਤਾਂ ਘਰਵਾਲੇ ਪੂਰੇ ਮੁਹੱਲੇ ਵਿਚ ਕਹਿਣਗੇ ਕਿ ਮੇਰੇ ਪੁੱਤਰ ਨੇ ਇਹ ਕੀਤਾ ਹੈ।

### 'ਆਪ' ਆਗੂ ਦਾ ਗੋਲ਼ੀਆਂ ਮਾਰ ਕੇ ਕਤਲ

ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਰਿਪੋਰਟਾਂ ਮੁਤਾਬਕ ਲੱਕੀ ਸਵੇਰੇ 7:15 ਵਜੇ ਰੋਜ ਵਾਂਗ ਮੱਥਾ ਟੇਕਣ ਲਈ ਗੁਰਦੁਆਰੇ ਆਇਆ ਸੀ ਜਦੋਂ ਹਮਲਾਵਰਾਂ ਨੇ ਗੁਰਦੁਆਰੇ ਦੇ ਬਾਹਰ ਉਸ 'ਤੇ ਗੋਲੀਆਂ ਚਲਾਈਆਂ ਗਈਆਂ। ਘਟਨਾ ਦੀ ਸੂਚਨਾ ਮਿਲਣ 'ਤੇ ਭਾਰੀ ਪੁਲਿਸ ਫੋਰਸ ਮੌਕੇ 'ਤੇ ਪਹੁੰਚੀ। ਪੁਲਿਸ ਨੇ ਪੂਰੇ ਇਲਾਕੇ ਨੂੰ ਘੇਰਾ ਪਾ ਲਿਆ ਅਤੇ ਸੁਰੱਖਿਆ ਸਖ਼ਤ ਕਰ ਦਿੱਤੀ। ਹਮਲਾਵਰਾਂ ਦੀ ਪਛਾਣ ਕਰਨ ਲਈ ਨੇੜਲੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਹਰ ਪਹਿਲੂ ਤੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਸ਼ੀ ਨੂੰ ਜਲਦੀ ਹੀ ਫੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ 'ਆਪ' ਆਗੂ ਲੱਕੀ ਓਬਰਾਏ ਸਵੇਰੇ 7:15 ਵਜੇ ਦੇ ਕਰੀਬ ਗੁਰਦੁਆਰੇ ਤੋਂ ਨਿਕਲਿਆ। ਜਦੋਂ ਉਹ ਆਪਣੇ ਥਾਰ ਵਿੱਚ ਵੜਨ ਲੱਗਾ, ਤਾਂ ਇੱਕ ਨੌਜਵਾਨ ਨੇ ਨੇੜੇ ਆ ਕੇ ਗੋਲੀਆਂ ਚਲਾ ਦਿੱਤੀਆਂ। ਦੋ ਹੋਰ ਨੌਜਵਾਨ ਐਕਟਿਵਾ 'ਤੇ ਆਏ ਸਨ ਅਤੇ ਦੋਵੇਂ ਭੱਜ ਗਏ। ਪੁਲਿਸ ਨੇ ਹਮਲਾਵਰਾਂ ਬਾਰੇ ਸਾਰੀਆਂ ਚੌਕੀਆਂ ਨੂੰ ਸੂਚਿਤ ਕਰ ਦਿੱਤਾ ਹੈ। ਗੁਰਦੁਆਰੇ ਦੀ ਸੀਸੀਟੀਵੀ ਫੁਟੇਜ ਵੀ ਸਕੈਨ ਕੀਤੀ ਜਾ ਰਹੀ ਹੈ। ਪੁਲਿਸ ਦੁਆਰਾ ਲਗਾਏ ਗਏ ਹਾਈ-ਟੈਕ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਵੀ ਪ੍ਰਾਪਤ ਕੀਤੀ ਜਾ ਰਹੀ ਹੈ ਤਾਂ ਜੋ ਦੋਸ਼ੀ ਨੂੰ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕੀਤਾ ਜਾ ਸਕੇ।

ਜੋਗਾ ਫੋਲੜੀਵਾਲ ਨੇ ਕਥਿਤ ਤੌਰ 'ਤੇ ਲਈ ਲੱਕੀ ਓਬਰਾਏ ਦੇ ਕਤਲ ਦੀ ਜ਼ਿੰਮੇਵਾਰੀ: ਜਲੰਧਰ ਵਿਖੇ ਅੱਜ ਸਵੇਰੇ 'ਆਪ' ਆਗੂ ਲੱਕੀ ਓਬਰਾਏ ਦੇ ਕਤਲ ਦੀ ਜ਼ਿੰਮੇਵਾਰੀ ਜੋਗਾ ਫੋਲੜੀਵਾਲ ਨੇ ਲਈ ਹੈ। ਜੋਗਾ ਫੋਲੜੀਵਾਲ ਨੇ ਸੋਸ਼ਲ ਮੀਡੀਆ ਉਤੇ ਪੋਸਟ ਪਾ ਕੇ ਇਸ ਗੱਲ ਦਾ ਖੁਲਾਸਾ ਕੀਤਾ ਹੈ ਕਿ ਲੱਕੀ ਓਬਰਾਏ ਦਾ ਕਤਲ ਉਸ ਨੇ ਕੀਤਾ ਹੈ। ਇਹ ਖਾਲਸਾ ਕਾਲਜ ਦੀ ਪ੍ਰਧਾਨਗੀ ਨਾਲ ਜੁੜਿਆ ਮਾਮਲਾ ਹੈ। ਉਸ ਨੇ ਲਿਖਿਆ ਹੈ ਕਿ ਇਹ ਕਤਲ ਨਿੱਜੀ ਰੰਜਿਸ਼ ਕਾਰਨ ਕੀਤਾ ਗਿਆ ਹੈ। ਅਦਾਰਾ ਇਸ ਪੋਸਟ ਦੀ ਪੁਸ਼ਟੀ ਨਹੀਂ ਕਰਦਾ।

### ਪੰਜਾਬ 'ਚ ਅਗਲੇ ਤਿੰਨ ਦਿਨ

ਵਿੱਚ 24.6 ਡਿਗਰੀ ਦਰਜ ਕੀਤਾ ਗਿਆ, ਜਦੋਂਕਿ ਸਭ ਤੋਂ ਘੱਟ ਫ਼ਰੀਦਕੋਟ ਵਿੱਚ 4.8 ਡਿਗਰੀ ਦਰਜ ਕੀਤਾ ਗਿਆ। ਮੌਸਮ ਵਿਭਾਗ ਮੁਤਾਬਕ 11 ਫਰਵਰੀ ਤੱਕ ਮੌਸਮ ਸਾਫ਼ ਰਹੇਗਾ। ਕੋਈ ਚਿਤਾਵਨੀ ਨਹੀਂ ਹੈ। ਇਸ ਵੇਲੇ ਪੱਛਮੀ ਹਵਾਵਾਂ ਵਿੱਚ ਇੱਕ ਪੱਛਮੀ ਗੜਬੜੀ ਮੌਜੂਦ ਹੈ, ਜੋ ਲੱਗਭੱਗ 5.8 ਕਿਲੋਮੀਟਰ ਦੀ ਉਚਾਈ 'ਤੇ ਸਥਿਤ ਹੈ। ਇਹ ਗੜਬੜੀ ਲੱਗਭੱਗ 55 ਡਿਗਰੀ ਪੂਰਬੀ ਦੇਸ਼ਾਂਤਰ ਅਤੇ 27 ਡਿਗਰੀ ਉੱਤਰੀ ਅਕਸ਼ਾਂਸ਼ ਤੋਂ ਉੱਪਰ ਸਥਿਤ ਹੈ। ਇਸ ਤੋਂ ਇਲਾਵਾ 8 ਫਰਵਰੀ, 2026 ਦੀ ਰਾਤ ਤੋਂ ਇੱਕ ਹੋਰ ਤਾਜ਼ਾ ਪੱਛਮੀ ਗੜਬੜੀ ਪੱਛਮੀ ਹਿਮਾਲਿਆਈ ਖੇਤਰਾਂ ਨੂੰ ਪ੍ਰਭਾਵਿਤ ਕਰਨ ਦੀ ਉਮੀਦ ਹੈ। ਵੀਰਵਾਰ ਨੂੰ ਚੰਡੀਗੜ੍ਹ ਵਿੱਚ ਵੱਧ ਤੋਂ ਵੱਧ ਤਾਪਮਾਨ 23.1 ਡਿਗਰੀ ਸੈਲਸੀਅਸ, ਅੰਮ੍ਰਿਤਸਰ ਵਿੱਚ 21.0 ਡਿਗਰੀ ਸੈਲਸੀਅਸ, ਲੁਧਿਆਣਾ ਵਿੱਚ 22.8 ਡਿਗਰੀ ਸੈਲਸੀਅਸ, ਪਟਿਆਲਾ ਵਿੱਚ 23.2 ਡਿਗਰੀ ਸੈਲਸੀਅਸ, ਬਠਿੰਡਾ ਵਿੱਚ 22.6 ਡਿਗਰੀ ਸੈਲਸੀਅਸ, ਐਸ.ਬੀ.ਐਸ. ਨਗਰ ਵਿੱਚ 22.0 ਡਿਗਰੀ ਸੈਲਸੀਅਸ, ਫਿਰੋਜ਼ਪੁਰ ਵਿੱਚ 22.9 ਡਿਗਰੀ ਸੈਲਸੀਅਸ, ਹੁਸ਼ਿਆਰਪੁਰ ਵਿੱਚ 22.0 ਡਿਗਰੀ ਸੈਲਸੀਅਸ, ਮਾਨਸਾ ਵਿੱਚ 24.5 ਡਿਗਰੀ ਸੈਲਸੀਅਸ, ਪਠਾਨਕੋਟ ਵਿੱਚ 21.9 ਡਿਗਰੀ ਸੈਲਸੀਅਸ, ਰੋਪੜ ਵਿੱਚ 22.7 ਡਿਗਰੀ ਸੈਲਸੀਅਸ ਅਤੇ ਰੂਪਨਗਰ ਵਿੱਚ 24.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਸ਼ੁੱਕਰਵਾਰ ਤੋਂ 12 ਜਨਵਰੀ ਤੱਕ, ਰਾਜ ਦੇ ਉੱਤਰੀ ਅਤੇ ਪੂਰਬੀ ਹਿੱਸਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ 16 ਤੋਂ 18 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿਣ ਦੀ ਉਮੀਦ ਹੈ, ਜਦੋਂ ਕਿ ਬਾਕੀ ਖੇਤਰਾਂ ਵਿੱਚ ਇਹ 18 ਤੋਂ 20 ਡਿਗਰੀ ਸੈਲਸੀਅਸ ਦੇ ਆਲੇ-ਦੁਆਲੇ ਰਹਿਣ ਦੀ ਉਮੀਦ ਹੈ। ਇਸ ਹਫ਼ਤੇ ਸੂਬੇ ਭਰ ਵਿੱਚ ਵੱਧ ਤੋਂ ਵੱਧ ਤਾਪਮਾਨ ਆਮ ਦੇ ਨੇੜੇ ਰਹਿਣ ਦੀ ਉਮੀਦ ਹੈ। ਘੱਟੋ-ਘੱਟ ਤਾਪਮਾਨ 6 ਤੋਂ 8 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿਣ ਦੀ ਉਮੀਦ ਹੈ। ਇਸ ਸਮੇਂ ਦੌਰਾਨ ਘੱਟੋ-ਘੱਟ ਤਾਪਮਾਨ ਆਮ ਦੇ ਨੇੜੇ ਰਹੇਗਾ।

### ਮਲਿਕਾਰਜੁਨ ਖੜਗੇ ਦਾ ਮੋਦੀ 'ਤੇ ਤਿੱਖਾ ਹਮਲਾ

# '97 ਮਿੰਟਾਂ ਦੇ ਭਾਸ਼ਣ 'ਚ ਸਵਾਲਾਂ ਦਾ ਇੱਕ ਵੀ ਜਵਾਬ ਨਹੀਂ ਦਿੱਤਾ'

ਨਵੀਂ ਦਿੱਲੀ, 6 ਫਰਵਰੀ (ਚ.ਨ.ਸ.): ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸ਼ੁੱਕਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਤਿੱਖਾ ਨਿਸ਼ਾਨਾ ਵਿੰਨ੍ਹਦੇ ਹੋਏ ਦੋਸ਼ ਲਾਇਆ ਕਿ ਰਾਜ ਸਭਾ 'ਚ ਦਿੱਤੇ ਗਏ ਉਨ੍ਹਾਂ ਦੇ 97 ਮਿੰਟ ਦੇ ਭਾਸ਼ਣ ਵਿੱਚ ਕੋਈ ਤੱਥ ਨਹੀਂ ਸੀ। ਖੜਗੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਵਿਰੋਧੀ ਧਿਰ ਵੱਲੋਂ ਚੁੱਕੇ ਗਏ ਮੁੱਦਿਆਂ ਦਾ ਜਵਾਬ ਦੇਣ ਦੀ ਹਿੰਮਤ ਨਹੀਂ ਜੁਟਾ ਸਕੇ ਅਤੇ ਸਰਕਾਰ ਲੋਕਤੰਤਰੀ ਤਰੀਕੇ ਨਾਲ ਸੰਸਦ ਚਲਾਉਣ ਦੀ ਇੱਛੁਕ ਨਹੀਂ ਹੈ।

**ਸਿੱਖਾਂ ਅਤੇ ਘੱਟ ਗਿਣਤੀਆਂ ਦੇ ਸਨਮਾਨ 'ਤੇ ਸਵਾਲ**

ਪ੍ਰਧਾਨ ਮੰਤਰੀ ਵੱਲੋਂ ਕਾਂਗਰਸ 'ਤੇ ਸਿੱਖਾਂ ਦੇ ਅਪਮਾਨ ਦੇ ਲਾਏ ਗਏ ਦੋਸ਼ਾਂ ਦਾ ਜਵਾਬ ਦਿੰਦਿਆਂ ਖੜਗੇ ਨੇ ਕਿਹਾ ਕਿ ਸਾਰਾ ਦੇਸ਼ ਜਾਣਦਾ ਹੈ ਕਿ ਕਾਂਗਰਸ ਨੇ ਦੁਨੀਆਂ ਦੇ ਮਸ਼ਹੂਰ ਅਰਥ ਸ਼ਾਸਤਰੀ ਡਾ. ਮਨਮੋਹਨ ਸਿੰਘ ਨੂੰ 2 ਵਾਰ ਦੇਸ਼ ਦਾ ਪ੍ਰਧਾਨ ਮੰਤਰੀ ਬਣਾਇਆ। ਉਨ੍ਹਾਂ ਉਲਟਾ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਮੋਦੀ ਖੁਦ ਸਿੱਖਾਂ, ਦਲਿਤਾਂ ਅਤੇ ਆਦਿਵਾਸੀਆਂ ਦਾ ਸਨਮਾਨ ਨਹੀਂ ਕਰਦੇ।

ਭਾਸ਼ਣ ਦੀਆਂ ਮੁੱਖ ਗੱਲਾਂ ਅਤੇ ਵਿਰੋਧ ਖੜਗੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਆਪਣੇ ਭਾਸ਼ਣ ਦੌਰਾਨ ਸਿਰਫ਼ 50, 75 ਅਤੇ 100 ਸਾਲ ਪਹਿਲਾਂ ਦੀਆਂ ਗੱਲਾਂ ਕਰਦੇ ਰਹੇ ਪਰ ਮੌਜੂਦਾ ਸਵਾਲਾਂ 'ਤੇ ਚੁੱਪ ਰਹੇ। ਪ੍ਰਧਾਨ ਮੰਤਰੀ ਦੇ ਉਸ ਬਿਆਨ 'ਤੇ ਚੁਟਕੀ ਲੈਂਦਿਆਂ, ਜਿਸ 'ਚ ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਨੂੰ '2-2 ਕਿਲੋ ਗਾਲਾਂ' ਮਿਲਦੀਆਂ ਹਨ, ਖੜਗੇ ਨੇ ਪੁੱਛਿਆ, 'ਕੀ ਗਾਲਾਂ ਨੂੰ ਤੋਲਿਆ ਜਾਂਦਾ ਹੈ?' ਇਸ ਤੋਂ ਇਲਾਵਾ, ਉਨ੍ਹਾਂ ਜਨਰਲ ਐਮ.ਐਮ. ਨਰਵਣੇ ਦੀ ਕਿਤਾਬ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਰਕਾਰ ਸਦਨ 'ਚ ਕਿਤਾਬ ਦੀ ਮੌਜੂਦਗੀ ਤੋਂ ਇਨਕਾਰ ਕਰ ਰਹੀ ਹੈ, ਜੋ ਕਿ ਵਿਸ਼ੇਸ਼ ਅਧਿਕਾਰ ਦੀ ਉਲੰਘਣਾ ਹੈ।

**ਪ੍ਰਧਾਨ ਮੰਤਰੀ ਮੋਦੀ ਦਾ ਪਲਟਵਾਰ**

ਦੂਜੇ ਪਾਸੇ, ਪ੍ਰਧਾਨ ਮੰਤਰੀ ਮੋਦੀ ਨੇ ਰਾਜ ਸਭਾ 'ਚ ਕਾਂਗਰਸ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਵਿਰੋਧੀ ਧਿਰ ਆਪਣੀਆਂ ਚੋਣ ਹਾਰਾਂ ਨੂੰ ਹਜ਼ਮ ਨਹੀਂ ਕਰ ਪਾ ਰਹੀ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਭਾਵੇਂ ਉਨ੍ਹਾਂ ਨਾਲ ਕਿੰਨੀ ਵੀ ਨਫ਼ਰਤ ਕਰੇ, ਉਹ ਉਨ੍ਹਾਂ ਦੀ 'ਕਬਰ ਨਹੀਂ ਖੋਦ' ਸਕੇਗੀ ਕਿਉਂਕਿ ਕਰੋੜਾਂ ਭਾਰਤੀਆਂ ਦਾ ਆਸ਼ੀਰਵਾਦ ਉਨ੍ਹਾਂ ਦਾ ਸੁਰੱਖਿਆ ਕਵਚ ਹੈ। ਪੀਐੱਮ ਮੋਦੀ ਨੇ ਵਿਰੋਧੀ ਧਿਰ ਦੇ ਵਿਘਨ ਨੂੰ ਆਦਿਵਾਸੀ ਅਤੇ ਮਹਿਲਾ ਰਾਸ਼ਟਰਪਤੀ ਦੇ ਨਾਲ-ਨਾਲ ਭਾਰਤ ਦੇ ਸੰਵਿਧਾਨ ਦਾ ਅਪਮਾਨ ਕਰਾਰ ਦਿੱਤਾ।

**ਪੰਜਾਬ ਸਰਕਾਰ**
**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ**
**ਪੁੱਡਾ ਕੰਪਲੈਕਸ, ਅਰਬਨ ਅਸਟੇਟ ਫੇਜ਼-2, ਪਟਿਆਲਾ**

ਈ-ਟੈਂਡਰ ਨੰ. 38/ਪੀਡੀਏ/ਡੀਈ (ਐਚ)/2026/3064-3070 ਮਿਤੀ 05.02.2026

ਮੰਡਲ ਇੰਜੀਨੀਅਰ (ਐਚ), ਪੀਡੀਏ ਪਟਿਆਲਾ ਵੱਲੋਂ "01.04.2026 ਤੋਂ 31.03.2027 (ਡੀਐਨਆਈਟੀ ਰਕਮ-ਰੁ.53.95 ਲੱਖ) ਤੱਕ ਪਟਿਆਲਾ ਵਿਖੇ ਅਰਬਨ ਅਸਟੇਟ ਫੇਜ਼ 1, 2, 3, 4, ਪੀਆਰਟੀਸੀ ਸਾਈਟ, ਸਰਹੰਦੀ ਗੇਟ, ਰਾਜਪੁਰਾ ਰੋਡ, ਅਤੇ ਪੀਆਰਟੀਸੀ ਸਾਈਟ, ਨਾਭਾ ਰੋਡ ਵਿਚ ਬਾਗਬਾਨੀ ਕੰਮਾਂ ਦੇ ਸਲਾਨਾ ਰੱਖ ਰਖਾਅ ਅਤੇ ਜੰਗਲੀ ਜੜ੍ਹੀ ਬੂਟੀਆਂ ਦੇ ਵਾਧੇ ਦੀ ਸਫਾਈ" ਦੇ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।

ਬੰਦ ਹੋਣ ਦੀ ਮਿਤੀ ਅਤੇ ਸਮਾਂ : 19.02.2026 ਨੂੰ ਬਾ.ਦੁ. 01.00 ਵਜੇ
ਵੇਰਵਿਆਂ ਲਈ ਲਾਗ ਆਨ ਕਰੋ: https://eproc.punjab.gov.in
ਨੋਟ : ਟੈਂਡਰ ਸੂਚਨਾ ਸਬੰਧੀ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।
PR Advt No.1319/12/2025-26/7883/Dated : 5/2/2026

**ਉਤਰ ਰੇਲਵੇ**
**ਈ-ਨਿਲਾਮੀ ਸੂਚਨਾ**

ਸੀਨੀਅਰ ਮੰਡਲ ਵਣਜ ਪ੍ਰਬੰਧਕ ਉਤਰ ਰੇਲਵੇ, ਅੰਬਾਲਾ ਕੈਂਟ ਭਾਰਤ ਦੇ ਰਾਸ਼ਟਰਪਤੀ ਵੱਲੋਂ ਅਤੇ ਵਾਸਤੇ ਉਤਰ ਰੇਲਵੇ ਅੰਬਾਲਾ ਮੰਡਲ ਦੇ ਰੇਲਵੇ ਸਟੇਸ਼ਨਾਂ 'ਤੇ ਅਨੁਬੰਧਾਂ ਦੀ ਵੰਡ ਦੇ ਲਈ IREPS ਵੈਬਸਾਈਟ 'ਤੇ ਈ ਨਿਲਾਮੀ ਦੇ ਮਾਧਿਅਮ ਨਾਲ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ

| S. No. | Lot No. | Description | Lot Start Date Time |
|---|---|---|---|
| 1. | ADVT-Int-98543-3-26-2 | ਕਾਲਕਾ ਸ਼ਿਮਲਾ ਸੈਕਸ਼ਨ ਵਿਚ ਚਲਣ ਵਾਲੀ ਕੁੱਲ 05 ਟ੍ਰੇਨਾਂ (ਟ੍ਰੇਨਾਂ 52451/52, 52453/54, 52455/56, 52457/58 ਅਤੇ 52459/60) ਦੇ ਕੋਚਾਂ ਦੀ ਅੰਦਰੂਨੀ ਹਿੱਸਿਆਂ ਵਿਚ ਵਿਨਾਇਲ ਸਟੀਕਰ ਅਤੇ ਬੋਰਡ ਦੇ ਮਾਧਿਅਮ ਨਾਲ ਕਾਰੋਬਾਰੀ ਇਸ਼ਤਿਹਾਰ ਸਥਾਨ (ਕੋਚ ਸਰਚੰਨਾ ਅਤੇ ਇਸ਼ਤਿਹਾਰ ਦੇ ਲਈ ਆਯਾਮ ਦੇ ਅਨੁਸਾਰ) | 13.02.2026 12.00.00 |
| 2 | PnU-UMB-MET-Toi-69-25-1 (Pay and Use-Toilets) | ਮਲੇਰਕੋਟਲਾ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਨੰ. 01 'ਤੇ 01 ਪੇਅ ਸ਼ੁਲਕ ਆਧਾਰਿਤ ਪਖਾਨੇ ਦੇ ਸੰਚਾਲਨ ਅਤੇ ਪ੍ਰਬੰਧ। | 13.02.2026 12.00.00 |
| 3. | MSS-UMB-SRE RCR-66-26-1 | ਸਹਾਰਨਪੁਰ ਰੇਲਵੇ ਸਟੇਸ਼ਨ (ਅੰਬਾਲਾ ਮੰਡਲ 'ਤੇ ਰੇਲ ਕੋਚ ਰੈਸਟੋਰੈਂਟ ਦੀ ਸਥਾਪਨਾ ਅਤੇ ਸੰਚਾਲਨ) 05 ਸਾਲਾਂ ਦੀ ਮਿਆਦ ਦੇ ਲਈ (ਸਾਈਟ-ਯੋਜਨਾ ਦੇ ਅਨੁਸਾਰ) | 13.02.2026 12.00.00 |

ਨਿਲਾਮੀ ਲੀਜ਼ਿੰਗ ਮੰਗ ਸੂਚਨਾ, ਨਿਲਾਮੀ ਦਸਤਾਵੇਜ਼ ਅਤੇ ਇੱਕ ਵਾਰ ਰਜਿਸਟਰਡ ਅਤੇ ਜ਼ਿਆਦਾ ਜਾਣਕਾਰੀ ਲਈ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

414/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਨਗਰ ਨਿਗਮ ਚੰਡੀਗੜ੍ਹ**
**ਟੈਂਡਰ ਸੂਚਨਾ**

| ਲ. ਨੰ. | ਕੰਮ ਦਾ ਨਾਮ | ਬੋਲੀ ਜਮ੍ਹਾਂ ਸੂਚੀ (ਆਨਲਾਈਨ) | ਤਕਨੀਕੀ ਬੋਲੀ ਦਾ ਖੁੱਲ੍ਹਣਾ (ਆਨਲਾਈਨ) |
|---|---|---|---|
| | ਕਾਰਜਕਾਰੀ ਇੰਜੀਨੀਅਰ - ਸੜਕ ਮੰਡਲ ਨੰ. 1 | | |
| 1. | ਪਿੰਡ ਬੁੜੈਲ, ਚੰਡੀਗੜ੍ਹ ਵਿਚ 80 ਐਮਐਮ ਮੋਟੇ ਪੇਵਰ ਬਲਾਕਾਂ ਦੀ ਵਰਤੋਂ ਕਰਦੇ ਹੋਏ ਕੇਸ਼ੋਰਾਮ ਕੰਪਲੈਕਸ ਦੀਆਂ ਗਲੀਆਂ ਦਾ ਨਿਰਮਾਣ।(ਪੁਨਰ-ਸੱਦਾ) ਕੈਪੀਟਲ ਹੈਡ : ਸਿਵਲ ਕੰਮ। ਅਨੁਮਾਨਤ ਲਾਗਤ : ਰੁ. 33.87 ਲੱਖ, ਬਿਆਨਾ ਰਕਮ : ਰੁ. 67,733/- ਸਮਾਂ ਹੱਦ :04 ਮਹੀਨੇ | 07.02.2026 To 16.02.2026 upto 12.00 noon | 16.02.2026 at 12.00 noon |
| | ਕਾਰਜਕਾਰੀ ਇੰਜੀਨੀਅਰ - ਸੜਕ ਮੰਡਲ ਨੰ. 3 | | |
| 2. | ਰੋਜ਼ ਗਾਰਡਨ, ਸੈਕਟਰ 16, ਚੰਡੀਗੜ੍ਹ ਵਿਚ ਆਯੋਜਿਤ ਹੋਣ ਵਾਲੇ 54ਵੇਂ ਰੋਜ਼ ਫੈਸਟੀਵਲ 2026 ਦੇ ਲਈ ਟੈਂਟ/ਫਰਨੀਚਰ ਆਦਿ ਦੀ ਵਿਵਸਥਾ ਅਤੇ ਸਥਾਪਨਾ। ਹੈਡ : ਕਲਾ, ਸਭਿਆਚਾਰ ਅਤੇ ਖੇਡਾਂ, ਨਗਰ ਨਿਗਮ, ਚੰਡੀਗੜ੍ਹ। ਅਨੁਮਾਨਤ ਲਾਗਤ : ਰੁ. 33.57 ਲੱਖ, ਬਿਆਨਾ ਰਕਮ : ਰੁ. 67,150/- ਸਮਾਂ ਹੱਦ :03 ਦਿਨ | 06.02.2026 To13.02.2026 upto 12.00 noon | 13.02.2026 at 12.00 noon |

ਨੋਟ :- 1) ਵਿਸਥਾਰਤ ਨਿਯਮ ਅਤੇ ਸ਼ਰਤਾਂ ਸਮੇਤ ਟੈਂਡਰ ਸੂਚਨਾ ਵੈਬਸਾਈਟ www.chandigarh.gov.in ਜਾਂ etenders.chd.nic.in 'ਤੇ ਉਪਲਬਧ/ਅਪਲੋਡ ਕੀਤੀ ਗਈ ਹੈ।

ਕਾਰਜਕਾਰੀ ਇੰਜੀਨੀਅਰ
ਸੜਕ ਮੰਡਲ ਨੰ. 1 ਅਤੇ ਸੜਕ ਮੰਡਲ ਨੰ. 3, ਐਮਸੀ, ਚੰਡੀਗੜ੍ਹ

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

ਸੰਤ ਸਮਾਜ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਮੌਕੇ ਸ਼ਾਨਦਾਰ ਪ੍ਰਬੰਧਾਂ ਲਈ ਮਾਨ ਸਰਕਾਰ ਦੀ ਸ਼ਲਾਘਾ

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਾਨ ਵਿਰਾਸਤ ਨੂੰ ਕਾਇਮ ਰੱਖਣ ਲਈ ਭਗਵੰਤ ਸਿੰਘ ਮਾਨ ਵਚਨਬੱਧ : ਚੀਮਾ

**ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਨੂੰ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਭਗਵੰਤ ਸਿੰਘ ਮਾਨ ਸਰਕਾਰ ਨੇ ਸਾਲ ਭਰ ਚੱਲਣ ਵਾਲੇ ਸੂਬਾ ਪੱਧਰੀ ਸਮਾਗਮ ਉਲੀਕੇ**

ਖੁਰਾਲਗੜ੍ਹ, 6 ਫਰਵਰੀ (ਦੀਪਕ ਅਗਨੀਹੋਤਰੀ): ਸੰਤ ਸਮਾਜ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਵਿਆਪਕ ਪੱਧਰ 'ਤੇ ਸ਼ਰਧਾ ਤੇ ਸਤਿਕਾਰ ਨਾਲ ਮਨਾਉਣ ਲਈ ਕੀਤੇ ਗਏ ਪੁਖ਼ਤਾ ਪ੍ਰਬੰਧਾਂ ਤੋਂ ਪ੍ਰਭਾਵਿਤ ਹੁੰਦਿਆਂ ਇਸ ਨੇਕ ਕਾਰਜ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸ਼ਲਾਘਾ ਕੀਤੀ। ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ ਦੌਰਾਨ ਸੰਗਤਾਂ ਨੂੰ ਸੰਬੋਧਨ ਕਰਦਿਆਂ ਸੰਤ ਨਿਰਮਲ ਦਾਸ ਜੀ ਜੌੜੇ ਵਾਲੇ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਸਾਧੂ ਸੰਪਰਦਾ ਸੁਸਾਇਟੀ, ਪੰਜਾਬ ਸਰਕਾਰ ਖਾਸ ਕਰਕੇ ਮੁੱਖ ਮੰਤਰੀ ਨੂੰ ਵਿਆਪਕ ਪ੍ਰਬੰਧ ਕਰਨ ਲਈ ਵਧਾਈ ਦਿੰਦੀ ਹੈ। ਉਨ੍ਹਾਂ ਨੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਗਏ ਸਮਾਗਮਾਂ ਲਈ ਸਮੁੱਚੇ ਸੰਤ ਸਮਾਜ ਵੱਲੋਂ ਮੁੱਖ ਮੰਤਰੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਜੀ ਨੇ ਖੁਰਾਲਗੜ੍ਹ ਵਿਖੇ ਚਾਰ ਸਾਲ ਤੋਂ ਵੱਧ ਸਮਾਂ ਭਗਤੀ ਕਰਕੇ ਇਸ ਅਸਥਾਨ ਨੂੰ ਭਾਗ ਲਾਏ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਅੱਜ ਇਸ ਧਰਤੀ 'ਤੇ 649ਵਾਂ ਪ੍ਰਕਾਸ਼ ਪੁਰਬ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਮਨਾ ਰਹੀ ਹੈ।

ਡੇਰਾ ਬੱਲਾਂ ਤੋਂ ਸੰਤ ਪ੍ਰਦੀਪ ਦਾਸ ਜੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅੱਜ ਇਤਿਹਾਸਕ ਦਿਨ ਹੈ ਕਿਉਂਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਦੇ ਮੌਕੇ ਮੁੱਖ ਮੰਤਰੀ ਸਮੁੱਚੀ ਕੈਬਨਿਟ ਤੇ ਸੰਸਦ ਮੈਂਬਰਾਂ ਨਾਲ ਸ਼ਰਧਾ ਤੇ ਸਤਿਕਾਰ ਭੇਟ ਕਰਨ ਲਈ ਖੁਰਾਲਗੜ੍ਹ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਜੀ ਬਾਣੀ ਅਧਿਐਨ ਕੇਂਦਰ ਸਥਾਪਤ ਕਰਨ ਲਈ ਡੇਰਾ ਬੱਲਾਂ ਨੇੜੇ 10 ਏਕੜ ਜ਼ਮੀਨ ਪ੍ਰਦਾਨ ਕੀਤੀ ਹੈ, ਜਿਸ ਲਈ ਉਹ ਸਰਕਾਰ ਦੇ ਧੰਨਵਾਦੀ ਹਨ। ਉਨ੍ਹਾਂ ਨੇ ਇਨ੍ਹਾਂ ਉਪਰਾਲਿਆਂ ਲਈ ਪੰਜਾਬ ਸਰਕਾਰ ਦੀ ਸ਼ਲਾਘਾ ਕੀਤੀ ਜੋ ਸ੍ਰੀ ਗੁਰੂ ਰਵਿਦਾਸ ਜੀ ਦੀ ਸ਼ਾਨਦਾਰ ਵਿਰਾਸਤ ਨੂੰ ਕਾਇਮ ਰੱਖਣ ਵਿੱਚ ਬਹੁਤ ਸਹਾਈ ਹੋਣਗੇ। ਇਸ ਦੌਰਾਨ ਆਪਣੇ ਸੰਬੋਧਨ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਉਣ ਵਾਲੇ 650ਵੇਂ ਪ੍ਰਕਾਸ਼ ਪੁਰਬ ਨੂੰ ਧਾਰਮਿਕ ਉਤਸ਼ਾਹ ਨਾਲ ਮਨਾਉਣ ਲਈ ਸਾਲ ਭਰ ਚੱਲਣ ਵਾਲੇ ਲੜੀਵਾਰ ਸਮਾਗਮਾਂ ਦੀ ਰੂਪ-ਰੇਖਾ ਉਲੀਕੀ ਹੈ, ਜੋ ਅੱਜ ਸ਼ੁਰੂ ਹੋਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਦੇ ਹਿੱਸੇ ਵਜੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਮਹਾਨ ਸਿੱਖਿਆਵਾਂ ਨੂੰ ਦੇਸ਼-ਦੁਨੀਆ ਦੇ ਹਰ ਕੋਨੇ ਵਿੱਚ ਪਹੁੰਚਾਇਆ ਜਾਵੇਗਾ। ਹਰਪਾਲ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਇਨ੍ਹਾਂ ਸਮਾਗਮਾਂ ਲਈ ਕੈਬਨਿਟ ਸਬ-ਕਮੇਟੀ ਬਣਾਈ ਹੈ, ਜਿਸ ਦੀ ਅਗਵਾਈ ਉਨ੍ਹਾਂ ਨੂੰ ਸੌਂਪੀ ਗਈ ਅਤੇ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਵੀ ਸੰਗਤ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਸ਼ਾਨਦਾਰ ਵਿਰਾਸਤ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਲਈ ਵਚਨਬੱਧ ਹੈ। ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕਿਸ਼ਨ ਰੋੜੀ ਨੇ ਸ੍ਰੀ ਖੁਰਾਲਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਤੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਦੇ ਮੌਕੇ ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਸ਼ੁਰੂਆਤ ਕਰਨ ਲਈ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਪਵਿੱਤਰ ਅਸਥਾਨ ਉਨ੍ਹਾਂ ਦੇ ਵਿਧਾਨ ਸਭਾ ਹਲਕੇ ਗੜ੍ਹਸ਼ੰਕਰ ਵਿੱਚ ਸਥਿਤ ਹੈ। ਇਸ ਤੋਂ ਪਹਿਲਾਂ ਮੁੱਖ ਮੰਤਰੀ ਤੇ ਸਮੁੱਚੀ ਕੈਬਨਿਟ ਨੇ ਸੰਗਤੀ ਰੂਪ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਮੁੱਖ ਮੰਤਰੀ ਅਤੇ ਕੈਬਨਿਟ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਤਪ ਅਸਥਾਨ 'ਤੇ ਵੀ ਮੱਥਾ ਟੇਕਿਆ।

## ਮੁੱਖ ਚੋਣ ਅਧਿਕਾਰੀ ਵੱਲੋਂ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਮੀਡੀਆ ਤੇ ਚੋਣਾਂ ਬਾਰੇ ਵਿਸ਼ੇਸ਼ ਚਰਚਾ



ਚੰਡੀਗੜ੍ਹ, 6 ਫਰਵਰੀ (ਚ.ਨ.ਸ.): ਪੰਜਾਬ ਦੇ ਮੁੱਖ ਚੋਣ ਅਧਿਕਾਰੀ (ਸੀ.ਈ.ਓ.) ਅਨਿੰਦਿਤਾ ਮਿਤਰਾ ਨੇ ਪੰਜਾਬ ਯੂਨੀਵਰਸਿਟੀ ਦੇ ਜਨ ਸੰਚਾਰ ਦੇ 34 ਵਿਦਿਆਰਥੀਆਂ ਨਾਲ ਇੱਕ ਜਾਣਕਾਰੀ ਭਰਪੂਰ ਸੰਵਾਦ ਸੈਸ਼ਨ ਕੀਤਾ। ਇਸ ਸੈਸ਼ਨ ਨਾਲ ਵਿਦਿਆਰਥੀਆਂ ਨੂੰ ਵਿਸ਼ੇਸ਼ ਵਿਚਾਰ ਚਰਚਾ ਲਈ ਇੱਕ ਪਲੇਟਫਾਰਮ ਮਿਲਿਆ, ਜਿਸ ਵਿੱਚ ਉਨ੍ਹਾਂ ਨੇ ਵੋਟਰ ਜਾਗਰੂਕਤਾ, ਚੋਣ ਭਾਗੀਦਾਰੀ ਅਤੇ ਸਮਕਾਲੀ ਸੰਚਾਰ ਅਭਿਆਸਾਂ ਨਾਲ ਸਬੰਧਤ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ। ਇਹ ਸੈਸ਼ਨ ਉਤਸ਼ਾਹ ਅਤੇ ਉਤਸੁਕਤਾ ਭਰਪੂਰ ਰਿਹਾ। ਇਸ ਦੌਰਾਨ ਵਿਦਿਆਰਥੀਆਂ ਨੇ ਆਧੁਨਿਕ ਸੰਚਾਰ ਸਾਧਨਾਂ ਤੇ ਆਊਟਰੀਚ ਤਰੀਕਿਆਂ ਨੂੰ ਚੋਣਾਂ ਬਾਰੇ ਜਨਤਕ ਜਾਗਰੂਕਤਾ, ਖਾਸ ਕਰਕੇ ਨੌਜਵਾਨਾਂ ਅਤੇ ਪਹਿਲੀ ਵਾਰ ਵੋਟਰਾਂ ਵਿੱਚ ਵਧਾਉਣ ਲਈ ਕਿਵੇਂ ਵਰਤਿਆ ਜਾ ਸਕਦਾ ਹੈ, ਵਰਗੇ ਕਈ ਅਹਿਮ ਵਿਸ਼ੇ 'ਤੇ ਵਿਆਪਕ ਵਿਚਾਰ ਸਾਂਝੇ ਕੀਤੇ। ਇਸ ਦੌਰਾਨ ਵਿਦਿਆਰਥੀਆਂ ਨੇ ਹਰੇਕ ਵਰਗ ਦੇ ਲੋਕਾਂ ਤੱਕ ਪਹੁੰਚ ਵਿੱਚ ਮੀਡੀਆ ਤੇ ਡਿਜੀਟਲ ਪਲੇਟਫਾਰਮਾਂ ਦੀ ਅਹਿਮ ਭੂਮਿਕਾ ਬਾਰੇ ਵੀ ਚਰਚਾ ਕੀਤੀ। ਅਨਿੰਦਿਤਾ ਮਿਤਰਾ ਨੇ ਸਹੀ ਜਾਣਕਾਰੀ ਦਾ ਪ੍ਰਸਾਰ ਕਰਨ, ਜਨਤਕ ਵਿਚਾਰਾਂ ਨੂੰ ਸਹੀ ਆਕਾਰ ਦੇਣ ਅਤੇ ਨਾਗਰਿਕਾਂ ਨੂੰ ਵੋਟ ਦੀ ਸਹੀ ਵਰਤੋਂ ਕਰਨ ਯੋਗ ਬਣਾਉਣ ਲਈ ਲੋਕਤੰਤਰੀ ਢਾਂਚੇ ਵਿੱਚ ਜਨ ਸੰਚਾਰ ਦੀ ਅਹਿਮ ਭੂਮਿਕਾ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਭਵਿੱਖੀ ਮੀਡੀਆ ਪੇਸ਼ੇਵਰਾਂ ਵਜੋਂ ਜਨ ਸੰਚਾਰ ਦੇ ਵਿਦਿਆਰਥੀ ਚੋਣ ਪ੍ਰਕਿਰਿਆ ਦੌਰਾਨ ਨੈਤਿਕ ਪੱਤਰਕਾਰੀ ਅਤੇ ਜ਼ਿੰਮੇਵਾਰ ਸੰਚਾਰ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਮੁੱਖ ਚੋਣ ਅਧਿਕਾਰੀ ਨੇ ਵਿਦਿਆਰਥੀਆਂ ਨੂੰ ਜਨਤਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਅਤੇ ਮੀਡੀਆ ਅਭਿਆਸਾਂ ਵਿੱਚ ਨਿਰਪੱਖਤਾ, ਪਾਰਦਰਸ਼ਤਾ ਅਤੇ ਭਰੋਸੇਯੋਗਤਾ ਦੀਆਂ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਲਈ ਆਪਣੀ ਅਕਾਦਮਿਕ ਸਿੱਖਿਆ ਅਤੇ ਰਚਨਾਤਮਕ ਹੁਨਰਾਂ ਨੂੰ ਲਾਗੂ ਕਰਨ ਲਈ ਪ੍ਰੇਰਿਤ ਵੀ ਕੀਤਾ। ਵਿਦਿਆਰਥੀਆਂ ਨੇ ਸੈਸ਼ਨ ਨੂੰ ਮੁੱਲਵਾਨ ਅਤੇ ਪ੍ਰੇਰਣਾਦਾਇਕ ਦੱਸਦਿਆਂ ਮੁੱਖ ਚੋਣ ਅਧਿਕਾਰੀ ਨਾਲ ਸਿੱਧੇ ਤੌਰ 'ਤੇ ਗੱਲਬਾਤ ਕਰਨ ਦੇ ਮੌਕੇ ਲਈ ਵਿਸ਼ੇਸ਼ ਧੰਨਵਾਦ ਕੀਤਾ। ਇਸ ਸੈਸ਼ਨ ਦੌਰਾਨ ਚੋਣ ਅਧਿਕਾਰੀਆਂ ਅਤੇ ਅਕਾਦਮਿਕ ਸੰਸਥਾਵਾਂ ਦਰਮਿਆਨ ਨਿਰੰਤਰਤਾ ਦੀ ਮਹੱਤਤਾ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ, ਤਾਂ ਜੋ ਨੌਜਵਾਨਾਂ ਨੂੰ ਨਾਗਰਿਕ ਪ੍ਰਕਿਰਿਆਵਾਂ ਪ੍ਰਤੀ ਜਾਗਰੂਕ ਕੀਤਾ ਜਾ ਸਕੇ।

# ਡੀ.ਜੀ.ਪੀ. ਵੱਲੋਂ ਲੱਕੀ ਓਬਰਾਏ ਕਤਲ ਕੇਸ ਵਾਲੀ ਥਾਂ ਦਾ ਜਾਇਜ਼ਾ, ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿਵਾਉਣ ਦਾ ਦਿੱਤਾ ਭਰੋਸਾ

**ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮਾਮਲੇ ਦੀ ਨਿੱਜੀ ਤੌਰ 'ਤੇ ਕਰ ਰਹੇ ਹਨ ਨਿਗਰਾਨੀ**



ਚੰਡੀਗੜ੍ਹ/ਜਲੰਧਰ, 6 ਫਰਵਰੀ (ਚ.ਨ.ਸ.): ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਆਮ ਆਦਮੀ ਪਾਰਟੀ (ਆਪ) ਦੇ ਕਾਰਜਕਾਰੀ ਸਤਵਿੰਦਰਪਾਲ ਸਿੰਘ ਉਰਫ਼ ਲੱਕੀ ਓਬਰਾਏ ਦੇ ਕਤਲ ਸਬੰਧੀ ਚੱਲ ਰਹੀ ਜਾਂਚ ਦਾ ਜਾਇਜ਼ਾ ਲੈਣ ਲਈ ਨੇ ਅੱਜ ਜਲੰਧਰ ਵਿਖੇ ਸੀਨੀਅਰ ਪੁਲਿਸ ਅਧਿਕਾਰੀਆਂ ਨਾਲ ਉੱਚ-ਪੱਧਰੀ ਮੀਟਿੰਗ ਕੀਤੀ। ਉਨ੍ਹਾਂ ਨੇ ਖੁਦ ਵਾਰਦਾਤ ਵਾਲੀ ਥਾਂ 'ਤੇ ਜਾ ਕੇ ਮੌਕੇ ਦਾ ਜਾਇਜ਼ਾ ਵੀ ਲਿਆ। ਵਾਰਦਾਤ ਵਾਲੀ ਥਾਂ 'ਤੇ ਮੀਡੀਆ ਨਾਲ ਗੱਲਬਾਤ ਕਰਦਿਆਂ ਡੀਜੀਪੀ ਨੇ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕਾਨੂੰਨ ਵਿਵਸਥਾ ਬਣਾਈ ਰੱਖਣ ਦੇ ਦ੍ਰਿੜ ਇਰਾਦੇ ਨੂੰ ਦੁਹਰਾਉਂਦਿਆਂ ਕਿਹਾ ਕਿ ਇਸ ਅਪਰਾਧ ਦੇ ਦੋਸ਼ੀਆਂ ਨੂੰ ਜਲਦ ਕਾਬੂ ਕਰਕੇ ਕਾਨੂੰਨ ਅਨੁਸਾਰ ਮਿਸਾਲੀ ਸਜ਼ਾ ਦਿਵਾਈ ਜਾਵੇਗੀ। ਇਸ ਦੌਰਾਨ ਉਨ੍ਹਾਂ ਦੇ ਨਾਲ ਜਲੰਧਰ ਦੇ ਪੁਲਿਸ ਕਮਿਸ਼ਨਰ (ਸੀਪੀ) ਧਨਪ੍ਰੀਤ ਕੌਰ ਵੀ ਮੌਜੂਦ ਸਨ। ਉਨ੍ਹਾਂ ਕਿਹਾ "ਮੁੱਖ ਮੰਤਰੀ ਸਾਹਿਬ ਨਿੱਜੀ ਤੌਰ 'ਤੇ ਮਾਮਲੇ ਦੀ ਨਿਗਰਾਨੀ ਕਰ ਰਹੇ ਹਨ ਤੇ ਉਨ੍ਹਾਂ ਨੂੰ ਲਗਾਤਾਰ ਘਟਨਾਕ੍ਰਮ ਬਾਰੇ ਅਪਡੇਟ ਦਿੱਤੇ ਜਾ ਰਹੇ ਹਨ"। ਜਾਣਕਾਰੀ ਅਨੁਸਾਰ, ਸਤਵਿੰਦਰਪਾਲ ਸਿੰਘ ਉਰਫ਼ ਲੱਕੀ ਓਬਰਾਏ ਨੂੰ ਸ਼ੁੱਕਰਵਾਰ ਸਵੇਰੇ ਮਾਡਲ ਟਾਊਨ, ਜਲੰਧਰ ਦੇ ਗੁਰਦੁਆਰਾ ਸਿੰਘ ਸਭਾ ਪਾਰਕਿੰਗ ਵਿੱਚ ਇੱਕ ਚਿੱਟੀ ਐਕਟਿਵਾ 'ਤੇ ਆਏ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ ਸੀ, ਜਦੋਂ ਉਹ (ਲੱਕੀ) ਮੱਥਾ ਟੇਕ ਕੇ ਵਾਪਸ ਜਾ ਰਹੇ ਸਨ। ਪੀੜਤ ਨੇ ਬਾਅਦ ਵਿੱਚ ਦਮ ਤੋੜ ਦਿੱਤਾ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੇਸ਼ੇਵਰ ਤੇ ਵਿਗਿਆਨਕ ਢੰਗ ਨਾਲ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ, "ਅਸੀਂ ਹੁਣ ਤੱਕ ਹੋਈ ਤਫ਼ਤੀਸ਼ ਦੀ ਸਮੀਖਿਆ ਕੀਤੀ ਹੈ ਅਤੇ ਸ਼ੱਕੀਆਂ ਦੀਆ ਸਾਰੀਆਂ ਅਲਗਲੀਆਂ-ਪਿਛਲੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾ ਰਹੀ ਹੈ।" ਉਨ੍ਹਾਂ ਅੱਗੇ ਦੱਸਿਆ ਕਿ ਪੁਲਿਸ ਟੀਮਾਂ ਨੇ ਤਕਨੀਕੀ ਵਿਸ਼ਲੇਸ਼ਣ ਰਾਹੀਂ ਜਾਂਚ ਨੂੰ ਅੱਗੇ ਵਧਾਉਣ ਲਈ ਮੋਬਾਈਲ ਟਾਵਰ ਡੰਪਸ ਤੋਂ ਜਾਣਕਾਰੀ ਵੀ ਜੁਟਾਈ ਹੈ। ਡੀਜੀਪੀ ਨੇ ਅੱਗੇ ਕਿਹਾ, "ਅਪਰਾਧ ਦੀ ਗੁੱਥੀ ਸੁਲਝਾਉਣ ਲਈ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।"

ਮੌਜੂਦਾ ਸਥਿਤੀ ਬਾਰੇ ਵੇਰਵੇ ਸਾਂਝੇ ਕਰਦਿਆਂ ਸੀ.ਪੀ. ਧਨਪ੍ਰੀਤ ਕੌਰ ਨੇ ਕਿਹਾ ਕਿ ਮੁੱਢਲੀ ਜਾਂਚ ਵਿੱਚ ਪਾਇਆ ਗਿਆ ਹੈ ਕਿ ਦੋਵੇਂ ਦੋਸ਼ੀ ਜਿਨ੍ਹਾਂ ਨੇ ਕਾਲੀਆਂ ਹੁੱਡੀਆਂ ਪਾਈਆਂ ਸਨ, ਆਪਣੇ ਐਕਟਿਵਾ ਸਕੂਟਰ 'ਤੇ ਮੌਕੇ ਤੋਂ ਫ਼ਰਾਰ ਹੋ ਗਏ। ਉਨ੍ਹਾਂ ਅੱਗੇ ਕਿਹਾ ਕਿ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ। ਇਸ ਸਬੰਧ ਵਿੱਚ, ਐਫਆਈਆਰ ਨੰ. 25 ਮਿਤੀ 6/2/2026 ਨੂੰ ਬੀਐਨਐਸ ਦੀ ਧਾਰਾ 103(1), 3(5) ਤੇ 61(2) ਤੇ ਅਸਲਾ ਐਕਟ ਦੀ ਧਾਰਾ 25 ਤੇ 27 ਤਹਿਤ ਜਲੰਧਰ ਕਮਿਸ਼ਨਰੇਟ ਦੇ ਪੁਲਿਸ ਸਟੇਸ਼ਨ ਡਿਵੀਜ਼ਨ -6 ਵਿਖੇ ਕੇਸ ਦਰਜ ਕੀਤਾ ਗਿਆ ਹੈ।

## "ਗੈਂਗਸਟਰਾਂ 'ਤੇ ਵਾਰ" ਦੇ 18ਵੇਂ ਦਿਨ 601ਥਾਵਾਂ ਉੱਤੇ ਛਾਪੇਮਾਰੀ ਦੌਰਾਨ 208 ਕਾਬੂ

ਚੰਡੀਗੜ੍ਹ, 6 ਫਰਵਰੀ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ "ਗੈਂਗਸਟਰਾਂ 'ਤੇ ਵਾਰ" ਮੁਹਿੰਮ ਦੇ 18ਵੇਂ ਦਿਨ, ਪੰਜਾਬ ਪੁਲਿਸ ਨੇ ਸੂਬੇ ਭਰ 'ਚ ਗੈਂਗਸਟਰਾਂ ਦੇ ਸਾਥੀਆਂ ਨਾਲ ਸਬੰਧਤ ਪਛਾਣੇ ਗਏ ਤੇ ਮੈਪ ਕੀਤੇ ਟਿਕਾਣਿਆਂ 'ਤੇ 601 ਛਾਪੇਮਾਰੀਆਂ ਕੀਤੀਆਂ। ਜਾਣਕਾਰੀ ਅਨੁਸਾਰ, "ਗੈਂਗਸਟਰਾਂ 'ਤੇ ਵਾਰ" ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਵਿੱਢੀ ਇੱਕ ਫੈਸਲਾਕੁੰਨ ਜੰਗ 20 ਜਨਵਰੀ, 2026 ਨੂੰ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਇਸ ਤਹਿਤ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਵੱਲੋਂ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸੂਬੇ ਭਰ 'ਚ ਵਿਸ਼ੇਸ਼ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਇਸ ਮੁਹਿੰਮ ਦੇ 18ਵੇਂ ਦਿਨ, ਪੁਲਿਸ ਟੀਮਾਂ ਨੇ 208 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਤੇ ਉਨ੍ਹਾਂ ਦੇ ਕਬਜ਼ੇ 10 ਜ਼ਿੰਦਾ ਕਾਰਤੂਸਾਂ ਸਮੇਤ ਚਾਰ ਹਥਿਆਰ ਬਰਾਮਦ ਕੀਤੇ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ 5,110 ਹੋ ਗਈਆਂ। ਇਸ ਤੋਂ ਇਲਾਵਾ 121 ਵਿਅਕਤੀਆਂ ਵਿਰੁੱਧ ਰੋਕਥਾਮ ਕਾਰਵਾਈ ਕੀਤੀ ਗਈ, ਜਦੋਂ ਕਿ 284 ਵਿਅਕਤੀਆਂ ਦੀ ਤਸਦੀਕ ਕੀਤੀ ਗਈ ਤੇ ਪੁੱਛਗਿੱਛ ਤੋਂ ਬਾਅਦ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਵੱਲੋਂ ਕਾਰਵਾਈ ਦੌਰਾਨ 7 ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ।

ਲੋੜੀਂਦੇ ਅਪਰਾਧੀਆਂ/ ਗੈਂਗਸਟਰਾਂ ਬਾਰੇ ਜਾਣਕਾਰੀ ਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਇਤਲਾਹ ਦੇਣ ਲਈ ਲੋਕ ਗੁਪਤ ਰੂਪ 'ਚ ਐਂਟੀ ਗੈਂਗਸਟਰ ਹੈਲਪਲਾਈਨ ਨੰ. 93946-93946 ਰਾਹੀਂ ਸੰਪਰਕ ਕਰ ਸਕਦੇ ਹਨ। ਇਸ ਨਾਲ ਸਿਰਫ 342 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਡਰੱਗ ਤਸਕਰਾਂ ਦੀ ਗਿਣਤੀ 47,954 ਹੋ ਗਈ ਹੈ। "ਡੀ-ਅਡਿਕਸ਼ਨ" ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ 24 ਵਿਅਕਤੀਆਂ ਨੂੰ ਨਸ਼ਾ ਛੁਡਾਊ ਤੇ ਮੁੜ ਵਸੇਬੇ ਲਈ ਰਾਜ਼ੀ ਕੀਤਾ ਹੈ।

## ਕੇਂਦਰ ਵੱਲੋਂ ਮੱਧ ਪ੍ਰਦੇਸ਼, ਪੰਜਾਬ ਤੇ ਤੇਲੰਗਾਨਾ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਨੂੰ ਮਜ਼ਬੂਤ ਕਰਨ ਲਈ ₹1,133 ਕਰੋੜ ਤੋਂ ਵੱਧ ਦੀ ਰਕਮ ਜਾਰੀ



ਚੰਡੀਗੜ੍ਹ, 6 ਫਰਵਰੀ (ਅੰਮ੍ਰਿਤਪਾਲ ਸਿੰਘ): ਕੇਂਦਰ ਸਰਕਾਰ ਨੇ ਮੱਧ ਪ੍ਰਦੇਸ਼, ਪੰਜਾਬ ਤੇ ਤੇਲੰਗਾਨਾ ਵਿੱਚ ਪੰਚਾਇਤੀ ਰਾਜ ਸੰਸਥਾਵਾਂ (ਪੀਆਰਆਈ)/ਪੇਂਡੂ ਸਥਾਨਕ ਸੰਸਥਾਵਾਂ (ਆਰਐੱਲਬੀ) ਨੂੰ ਮਜ਼ਬੂਤ ਕਰਨ ਲਈ ਵਿੱਤੀ ਸਾਲ 2025-26 ਦੌਰਾਨ ਪੰਦਰਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਵਜੋਂ ₹1,133 ਕਰੋੜ ਤੋਂ ਵੱਧ ਜਾਰੀ ਕੀਤੇ ਹਨ। ਮੱਧ ਪ੍ਰਦੇਸ਼ ਵਿੱਚ, ਵਿੱਤੀ ਸਾਲ 2024-25 ਲਈ ਖੁੱਲ੍ਹੀਆਂ ਗ੍ਰਾਂਟਾਂ (ਪਾਬੰਦੀ ਮੁਕਤ) ਦੀ ਦੂਜੀ ਕਿਸ਼ਤ ਵਜੋਂ ₹65,255 ਲੱਖ (₹652.55 ਕਰੋੜ) ਦੀ ਰਕਮ ਜਾਰੀ ਕੀਤੀ ਗਈ ਹੈ। ਇਹ ਫੰਡ ਸੂਬੇ ਦੀਆਂ ਸਾਰੀਆਂ 52 ਯੋਗ ਜ਼ਿਲ੍ਹਾ ਪੰਚਾਇਤਾਂ, 312 ਯੋਗ ਬਲਾਕ ਪੰਚਾਇਤਾਂ ਤੇ 23,001 ਯੋਗ ਗ੍ਰਾਮ ਪੰਚਾਇਤਾਂ ਨੂੰ ਲਾਭ ਪਹੁੰਚਾਉਣਗੇ। ਇਸ ਤੋਂ ਇਲਾਵਾ, ਵਿੱਤੀ ਸਾਲ 2024-25 ਲਈ ਖੁੱਲ੍ਹੀਆਂ ਗ੍ਰਾਂਟਾਂ ਦੀ ਪਹਿਲੀ ਕਿਸ਼ਤ ਦੇ ਰੋਕੇ ਹੋਏ ਹਿੱਸੇ ਨੂੰ ਦਰਸਾਉਂਦੇ 77 ਲੱਖ ਰੁਪਏ 3 ਹੋਰ ਯੋਗ ਬਲਾਕ ਪੰਚਾਇਤਾਂ ਅਤੇ 6 ਗ੍ਰਾਮ ਪੰਚਾਇਤਾਂ ਨੂੰ ਵੀ ਜਾਰੀ ਕੀਤੇ ਗਏ ਹਨ।

ਪੰਜਾਬ ਲਈ, ਕੇਂਦਰ ਸਰਕਾਰ ਨੇ ਵਿੱਤੀ ਸਾਲ 2025-26 ਲਈ ਖੁੱਲ੍ਹੀਆਂ ਗ੍ਰਾਂਟਾਂ ਦੀ ਪਹਿਲੀ ਕਿਸ਼ਤ ਵਜੋਂ ₹22,200 ਲੱਖ (₹222 ਕਰੋੜ) ਜਾਰੀ ਕੀਤੇ ਹਨ। ਇਹ ਫੰਡ ਸੂਬੇ ਭਰ ਦੀਆਂ ਸਾਰੀਆਂ 13,262 ਯੋਗ ਗ੍ਰਾਮ ਪੰਚਾਇਤਾਂ, 150 ਯੋਗ ਬਲਾਕ ਪੰਚਾਇਤਾਂ ਤੇ 22 ਯੋਗ ਜ਼ਿਲ੍ਹਾ ਪੰਚਾਇਤਾਂ ਦਾ ਸਮਰਥਨ ਕਰਨਗੇ। ਜਦਕਿ ਤੇਲੰਗਾਨਾ ਸੂਬੇ ਲਈ, ਵਿੱਤੀ ਸਾਲ 2024-25 ਲਈ ਖੁੱਲ੍ਹੀਆਂ ਗ੍ਰਾਂਟਾਂ ਦੀ ਪਹਿਲੀ ਕਿਸ਼ਤ ਵਜੋਂ ₹25,602.95 ਲੱਖ (₹256.0295 ਕਰੋੜ) ਜਾਰੀ ਕੀਤੇ ਗਏ ਹਨ, ਜਿਸ ਨਾਲ 12,702 ਯੋਗ ਗ੍ਰਾਮ ਪੰਚਾਇਤਾਂ ਨੂੰ ਲਾਭ ਹੋਵੇਗਾ। ਇਸ ਤੋਂ ਇਲਾਵਾ, ਵਿੱਤੀ ਸਾਲ 2023-24 ਲਈ ਖੁੱਲ੍ਹੀਆਂ ਗ੍ਰਾਂਟਾਂ ਦੀ ਦੂਜੀ ਕਿਸ਼ਤ ਦਾ ਰੋਕਿਆ ਹੋਇਆ ਹਿੱਸਾ ₹233.18 ਲੱਖ, 11 ਹੋਰ ਯੋਗ ਗ੍ਰਾਮ ਪੰਚਾਇਤਾਂ ਤੇ 40 ਬਲਾਕ ਪੰਚਾਇਤਾਂ ਨੂੰ ਵੀ ਜਾਰੀ ਕੀਤਾ ਗਿਆ ਹੈ।

ਭਾਰਤ ਸਰਕਾਰ ਨੇ ਪੰਚਾਇਤੀ ਰਾਜ ਮੰਤਰਾਲੇ ਤੇ ਜਲ ਸ਼ਕਤੀ ਮੰਤਰਾਲੇ (ਪੀਣਯੋਗ ਪਾਣੀ ਤੇ ਸੈਨੀਟੇਸ਼ਨ ਵਿਭਾਗ) ਰਾਹੀਂ ਪੇਂਡੂ ਸਥਾਨਕ ਸੰਸਥਾਵਾਂ ਲਈ ਸੂਬਿਆਂ ਨੂੰ 15-ਐੱਫਸੀ ਗ੍ਰਾਂਟਾਂ ਜਾਰੀ ਕਰਨ ਦੀ ਸਿਫ਼ਾਰਸ਼ ਕੀਤੀ ਹੈ, ਜੋ ਫਿਰ ਵਿੱਤ ਮੰਤਰਾਲੇ ਵਲੋਂ ਜਾਰੀ ਕੀਤੀ ਗਈ ਹੈ। ਅਲਾਟ ਕੀਤੀਆਂ ਗ੍ਰਾਂਟਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ਤੇ ਇੱਕ ਵਿੱਤੀ ਸਾਲ ਵਿੱਚ 2 ਕਿਸ਼ਤਾਂ ਵਿੱਚ ਜਾਰੀ ਕੀਤੀਆਂ ਜਾਂਦੀਆਂ ਹੈ। ਖੁੱਲ੍ਹੀਆਂ ਗ੍ਰਾਂਟਾਂ ਦੀ ਵਰਤੋਂ ਤਨਖਾਹਾਂ ਅਤੇ ਹੋਰ ਸਥਾਪਤੀ ਖਰਚਿਆਂ ਨੂੰ ਛੱਡ ਕੇ ਪੰਚਾਇਤੀ ਰਾਜ ਸੰਸਥਾਵਾਂ/ ਪੇਂਡੂ ਸਥਾਨਕ ਸੰਸਥਾਵਾਂ ਵਲੋਂ ਸੰਵਿਧਾਨ ਦੀ 11ਵੀਂ ਅਨੁਸੂਚੀ ਵਿੱਚ ਦਰਜ 29 ਵਿਸ਼ਿਆਂ ਦੇ ਤਹਿਤ ਸਥਾਨ ਵਿਸ਼ੇਸ਼ ਮਹਿਸੂਸ ਕੀਤੀਆਂ ਲੋੜਾਂ ਲਈ ਕੀਤੀ ਜਾਵੇਗੀ। ਪਾਬੰਦ ਗ੍ਰਾਂਟਾਂ ਦੀ ਵਰਤੋਂ (ਏ) ਸਫਾਈ ਅਤੇ ਓਡੀਐੱਫ ਸਥਿਤੀ ਦੀ ਸਾਂਭ-ਸੰਭਾਲ ਦੀਆਂ ਬੁਨਿਆਦੀ ਸੇਵਾਵਾਂ ਲਈ ਕੀਤੀ ਜਾ ਸਕਦੀ ਹੈ ਤੇ ਇਸ ਵਿੱਚ ਘਰੇਲੂ ਰਹਿੰਦ-ਖੂੰਹਦ ਦਾ ਪ੍ਰਬੰਧਨ ਤੇ ਨਿਪਟਾਰਾ ਤੇ ਖ਼ਾਸ ਤੌਰ 'ਤੇ ਮਨੁੱਖੀ ਮਲ-ਮੂਤਰ ਤੇ ਰਹਿੰਦ-ਖੂੰਹਦ ਦਾ ਪ੍ਰਬੰਧਨ ਤੇ (ਬੀ) ਪੀਣਯੋਗ ਪਾਣੀ ਦੀ ਸਪਲਾਈ, ਮੀਂਹ ਦੇ ਪਾਣੀ ਦੀ ਸੰਭਾਲ ਤੇ ਪਾਣੀ ਦੀ ਰੀਸਾਈਕਲਿੰਗ ਸ਼ਾਮਲ ਹੋਣੀ ਚਾਹੀਦੀ ਹੈ।

# ਪੰਜਾਬ ਨੂੰ ਖੁਸ਼ਹਾਲ ਸੂਬਾ ਬਣਾਉਣ ਲਈ ਭਾਜਪਾ ਸਰਕਾਰ ਜ਼ਰੂਰੀ : ਨਾਇਬ ਸਿੰਘ ਸੈਣੀ



ਡਕਾਲਾ/ਬਲਬੇੜ੍ਹਾ, 6 ਫਰਵਰੀ (ਅੰਮ੍ਰਿਤਪਾਲ ਸਿੰਘ/ਗੁਰਸੇਵਕ ਸਿੰਘ ਕਰਹਾਲੀ ਸਾਹਿਬ): ਪੰਜਾਬ ਨੂੰ ਖੁਸ਼ਹਾਲ ਸੂਬਾ ਬਣਾਉਣ ਲਈ ਪੰਜਾਬ ਚ ਵੀ ਹਰਿਆਣਾਂ ਰਾਜ ਵਾਂਗ ਭਾਜਪਾ ਪਾਰਟੀ ਦੀ ਸਰਕਾਰ ਬਣਾਉਣੀ ਜਰੂਰੀ ਇਹ ਵਿਚਾਰ ਹਰਿਆਣਾਂ ਦੇ ਮੁਖ ਮੰਤਰੀ ਨਾਇਬ ਸਿੰਘ ਸੈਣੀ ਨੇ ਹਲਕਾ ਸਨੌਰ ਦੇ ਪਿੰਡ ਪੰਜੋਲਾ ਵਿਖੇ ਸਤਪਾਲ ਸਿੰਘ ਪੂਨੀਆ ਵੱਲੋ ਕਰਵਾਏ ਗਏ ਇਕ ਵੱਡੇ ਸਮਾਗਮ ਦੌਰਾਨ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆ ਸਾਝੇ ਕੀਤੇ। ਇਸ ਮੌਕੇ ਉਹਨਾਂ ਆਪਣੀ ਹਰਿਆਣਾਂ ਸਰਕਾਰ ਦੀਆਂ ਨੀਤੀਆਂ ਬਾਰੇ ਦਸਦਿਆਂ ਕਿਹਾਕਿ ਹਰਿਆਣਾਂ ਸਰਕਾਰ ਨੇ ਬਹੁਤ ਫਸਲਾਂ ਤੇ ਐਮਐਸਪੀ ਦੇ ਦਿੱਤੀ ਹੈ,ਬਜ਼ੁਰਗਾਂ ਨੂੰ ਬੁਢਾਪਾ ਪੈਨਸ਼ਨ ਪੰਜਾਬ ਨਾਲੋਂ ਵੱਧ ਦਿੱਤੀ ਜਾ ਰਹੀ ਹੈ,ਬਾਕੀ ਹੋਰ ਵੀ ਉਹਨਾਂ ਬਹੁਤ ਸਾਰੀਆ ਸਕੀਮਾਂ ਦਾ ਜਿਕਰ ਕਰਦਿਆਂ ਕਿਹਾ ਕਿ ਹਰਿਆਣਾਂ ਦੇ ਲੋਕ ਭਾਜਪਾ ਸਰਕਾਰ ਦੀਆਂ ਨੀਤੀਆ ਤੇ ਖੁਸ਼ ਹਨ,ਇਸ ਲਈ ਹਰਿਆਣਾਂ ਦੇ ਲੋਕਾਂ ਨੇ ਹਰਿਆਣਾਂ ਚ ਤੀਜੀ ਵਾਰ ਭਾਜਪਾ ਸਰਕਾਰ ਬਣਾਈ ਹੈ। ਇਸ ਲਈ ਮੈ ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਪੰਜਾਬ ਚ ਵੀ ਭਾਜਪਾ ਪਾਰਟੀ ਦੀ ਡਬਲ ਇੰਜਣ ਸਰਕਾਰ ਬਣਾਈਏ ਅਤੇ ਪੰਜਾਬ ਨੂੰ ਇਕ ਖੁਸ਼ਹਾਲ ਸੂਬਾ ਬਣਾਈਏ।ਇਸ ਮੌਕੇ ਉਹਨਾਂ ਵੱਲੋ ਸਤਪਾਲ ਸਿੰਘ ਪੂਨੀਆ ਨੂੰ ਭਾਜਪਾ ਪਾਰਟੀ ਚ ਆਉਣ ਤੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਪੰਜਾਬ ਸੂਬਾ ਪ੍ਰਧਾਨ ਭਾਜਪਾ ਅਸ਼ਵਨੀ ਸਰਮਾਂ ਨੇ ਕਿਹਾਕਿ ਪੰਜਾਬ ਅੱਜ ਇਕ ਨਸ਼ਿਆਂ ਦਾ ਸਮੁੰਦਰ ਅਤੇ ਗੈਂਗਵਾਰ ਸੂਬਾ ਬਣ ਕੇ ਰਹਿ ਗਿਆ ਹੈ ,ਹਰ ਰੋਜ ਸਰੇਆਮ ਨਿਰਦੋਸ਼ ਲੋਕਾਂ ਦੇ ਕਤਲ ਹੋ ਰਹੇ ਹਨ,ਕਿਸੇ ਤੇ ਕੋਈ ਕਾਰਵਾਈ ਨਹੀ, ਕਨੂੰਨ ਨਾਂ ਦੀ ਪੰਜਾਬ ਚ ਕੋਈ ਚੀਜ ਨਹੀ ਹੈ। ਪਹਿਲਾਂ ਕਾਂਗਰਸ ਪਾਰਟੀ ਨੇ ਪੰਜਾਬ ਨਾਲ ਧੋਖਾ ਕੀਤਾ,ਹੁਣ ਆਮ ਆਦਮੀ ਪਾਰਟੀ ਨੇ ਬਦਲਾਅ ਦੇ ਨਾਂ ਤੇ ਵੋਟਾਂ ਪਵਾ ਕੇ ਕਿਸੇ ਦੀ ਬਾਤ ਨਹੀ ਪੁੱਛੀ, ਅਤੇ ਪੰਜਾਬ ਨੂੰ ਲੁਟਣਾਂ ਸ਼ੁਰੂ ਕਰ ਦਿੱਤਾ, ਅਤੇ ਪੰਜਾਬ ਨੂੰ ਕਰਜੇ ਦੇ ਬੋਝ ਹੇਠ ਇੰਨਾਂ ਦੱਬ ਦਿੱਤਾ ਕਿ ਬਚਣਾਂ ਮੁਸ਼ਕਿਲ ਹੈ। ਜੇ ਕੋਈ ਬਚਾ ਸਕਦਾ ਹੈ ਤਾਂ ਭਾਜਪਾ ਪਾਰਟੀ ਦੀ ਸਰਕਾਰ ਹੀ ਬਚਾ ਸਕਦੀ ਹੈ। ਤੇ ਹੁਣ ਪੰਜਾਬ ਦੇ ਲੋਕ ਭਾਜਪਾ ਪਾਰਟੀ ਦੀ ਸਰਕਾਰ ਬਣਾਉਣਲਈ ਕਾਹਲੇ ਹਨ।

ਪ੍ਰਧਾਨ ਸਤਪਾਲ ਪੂਨੀਆਂ ਪੂਨੀਆਂ ਨੇ ਵੱਡੀ ਗਿਣਤੀ ਚ ਪਹੁੰਚੇ ਖੇਤਰ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈ ਭਾਜਪਾ ਦੀਆਂ ਨੀਤੀਆਂ ਮੱਦੇਨਜ਼ਰ ਭਾਜਪਾ ਪਾਰਟੀ ਜੁਆਇਨ ਕੀਤੀ ਹੈ ਤੇ ਹੁਣ ਪਾਰਟੀ ਹਾਈ ਕਮਾਨ ਦੇ ਹੁਕਮ ਅਨੁਸਾਰ ਪਾਰਟੀ ਦੀ ਬੇਹਤਰੀ ਲਈ ਦਿਨ ਰਾਤ ਇਕ ਕਰ ਦੇਵਾਂਗੇ।

ਇਸ ਮੌਕੇ ਪ੍ਰਨੀਤ ਕੌਰ ਸਾਬਕਾ ਵਿਦੇਸ਼ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਹੁਣ ਭਾਜਪਾ ਸਰਕਾਰ ਬਣਨੀ ਤੈਅ ਹੋ ਗਈ ਹੈ ਤੇ ਆਂਉਣ ਵਾਲੀ 2027 ਵਿਚ ਪੰਜਾਬ ਅੰਦਰ ਭਾਜਪਾ ਪਾਰਟੀ ਦੀ ਸਰਕਾਰ ਬਣੇਗੀ, ਇਸ ਮੌਕੇ ਹੋਬੀ ਧਾਲੀਵਾਲ ਐਕਟਰ, ਕੁਲਵੰਤ ਬਾਜੀਗਰ ਸਾਬਕਾ ਵਿਧਾਇਕ ਗੂਹਲਾ, ਸੁਰਿੰਦਰ ਸਿੰਘ ਖੇੜਕੀ, ਹਰਮੇਸ਼ ਗੋਇਲ, ਜਸਪਾਲ ਸਿੰਘ ਗੰਗਰੋਲਾ, ਰਾਮੇਸ਼ਵਰ ਸ਼ਰਮਾ, ਜੈਮਲ ਸਿੰਘ ਅਰਨੋਲੀ, ਗੁਰਦੀਪ ਸਿੰਘ ਤੇਜੀ, ਜਸਵਿੰਦਰ ਸਿੰਘ ਜਾਫਰਪੁਰ, ਗੁਰਮੇਲ ਸਿੰਘ ਜਾਫਰਪੁਰ, ਜਸਵਿੰਦਰ ਸਿੰਘ ਸਾਬਕਾ ਸਰਪੰਚ ਪਹਾੜੀਪੁਰ, ਜਰਨੈਲ ਸਿੰਘ ਸਰਪੰਚ ਪੰਜੋਲਾ, ਲਾਲ ਸਿੰਘ ਨੰਬਰਦਾਰ, ਵਿਨੋਦ ਸ਼ਰਮਾ, ਵਿਕਰਮ ਸ਼ਰਮਾਂ, ਗਿਆਨ ਸਿੰਘ ਨੰਬਰਦਾਰ ਗੱਗੜਪੁਰ,ਰਾਜਿੰਦਰ ਸ਼ਰਮਾ, ਸਰਬਜੀਤ ਸਿੰਘ, ਰਾਜਿੰਦਰ ਸਿੰਘ ਦੁਲਬਾ, ਬਲਜਿੰਦਰ ਸਿੰਘ ਦੁਲਬਾ, ਦਲਜੀਤ ਸਿੰਘ ਪ੍ਰਤਾਪਗੜ੍ਹ, ਜਗਜੀਤ ਸਿੰਘ ਮੁਹਾਦੀਪੁਰ, ਬਹਾਦਰ ਸਿੰਘ ਬਿਲਾਸਪੁਰ, ਬਲਜਿੰਦਰ ਸਿੰਘ ਬਿਲਾਸਪੁਰ, ਬਲਜਿੰਦਰ ਸਿੰਘ ਬਿਲਾਸਪੁਰ ਤੇ ਵੱਡੀ ਗਿਣਤੀ ਖੇਤਰ ਦ ਲੋਕ ਹਾਜਰ ਸਨ।

# ਭਗਵੰਤ ਮਾਨ ਸਰਕਾਰ ਮੁਕੱਦਮੇਬਾਜ਼ੀ ਦੀ ਥਾਂ ਸਵੈ-ਇੱਛੁਕ ਕਰਪਾਲਣਾ ਨੂੰ ਦਿੰਦੀ ਹੈ ਤਰਜੀਹ : ਚੀਮਾ

**ਵਿੱਤ ਮੰਤਰੀ ਵੱਲੋਂ ਓ.ਟੀ.ਐਸ-2025 ਦੀ ਸਫ਼ਲਤਾ ਦੀ ਸ਼ਲਾਘਾ; ਪੰਜਾਬ ਨੇ 110 ਕਰੋੜ ਵਸੂਲੇ ਤੇ ਅੰਤਿਮ ਮਿਤੀ ਵਿੱਚ ਵਾਧਾ**



ਚੰਡੀਗੜ੍ਹ, 6 ਫਰਵਰੀ (ਚ.ਨ.ਸ.): ਪੰਜਾਬ ਦੇ ਵਿੱਤ, ਆਬਕਾਰੀ ਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ 'ਯਕਮੁਸ਼ਤ ਨਿਬੇੜਾ ਸਕੀਮ, 2025' (ਓ.ਟੀ.ਐਸ-2025) ਦੀ ਵੱਡੀ ਸਫਲਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਸਕੀਮ ਰਾਹੀਂ ਹੁਣ ਤੱਕ ਜਿੱਥੇ ਸੂਬਾ ਸਰਕਾਰ ਨੂੰ 110 ਕਰੋੜ ਰੁਪਏ ਪ੍ਰਾਪਤ ਹੋ ਚੁੱਕੇ ਹਨ ਉਥੇ ਸੂਬੇ ਦੇ ਵਪਾਰੀ ਵਰਗ ਨੂੰ ਵੱਡੀ ਵਿੱਤੀ ਰਾਹਤ ਮਿਲੀ ਹੈ। ਇਥੇ ਜਾਰੀ ਪ੍ਰੈਸ ਬਿਆਨ ਰਾਹੀਂ ਪੰਜਾਬ ਦੇ ਵਿੱਤ ਅਤੇ ਆਬਕਾਰੀ ਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ 1 ਅਕਤੂਬਰ 2025 ਨੂੰ ਓ.ਟੀ.ਐਸ.-2025 ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਕਰ ਵਿਭਾਗ ਨੂੰ 7,654 ਅਰਜ਼ੀਆਂ ਪ੍ਰਾਪਤ ਹੋਈਆਂ ਹਨ, ਜਿਸ ਦੇ ਨਤੀਜੇ ਵਜੋਂ 38,477 ਕਰੋੜ ਰੁਪਏ ਦੀ ਬੇਮਿਸਾਲ ਛੋਟ ਦਿੱਤੀ ਗਈ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਸਕੀਮ ਨੂੰ ਮਿਲਿਆ ਭਰਵਾਂ ਹੁੰਗਾਰਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਉਸ ਨੀਤੀ ਦੀ ਸਫਲਤਾ ਨੂੰ ਦਰਸਾਉਂਦਾ ਹੈ, ਜੋ ਲੰਬੀ ਮੁਕੱਦਮੇਬਾਜ਼ੀ ਨਾਲੋਂ ਸਵੈ-ਇੱਛੁਕ ਕਰਪਾਲਣਾ ਨੂੰ ਤਰਜੀਹ ਦਿੰਦੀ ਹੈ।

ਸਬੰਧਤ ਉਦਯੋਗਿਕ ਜਥੇਬੰਦੀਆਂ ਦੇ ਸੁਝਾਵਾਂ ਪ੍ਰਤੀ ਸਰਕਾਰ ਦੇ ਹੁੰਗਾਰੇ ਦਾ ਜ਼ਿਕਰ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਇਸ ਸਕੀਮ ਦਾ ਲਾਭ ਲੈਣ ਦੀ ਆਖਰੀ ਮਿਤੀ 31 ਦਸੰਬਰ 2025 ਤੋਂ ਵਧਾ ਕੇ 31 ਮਾਰਚ 2026 ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸਮਾਂ ਸੀਮਾਂ ਵਿੱਚ ਇਹ ਵਾਧਾ ਸਕੀਮ ਦੀ ਸਕਾਰਾਤਮਕ ਗਤੀ ਤੇ ਉਦਯੋਗਿਕ ਜਥੇਬੰਦੀਆਂ ਦੀਆਂ ਮੰਗਾਂ ਨੂੰ ਧਿਆਨ ਵਿੱਚ ਰੱਖਦਿਆਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਵਾਧੂ ਸਮਾਂ ਯੋਗ ਕਰਦਾਤਾਵਾਂ ਨੂੰ ਆਪਣੀਆਂ ਦੇਣਦਾਰੀਆਂ ਦਾ ਮੁਲਾਂਕਣ ਕਰਨ ਅਤੇ ਪਾਰਦਰਸ਼ੀ ਤੇ ਸਰਲ ਤਰੀਕੇ ਨਾਲ ਨਿਬੇੜਾ ਕਰਨ ਦਾ ਪੂਰਾ ਮੌਕਾ ਪ੍ਰਦਾਨ ਕਰੇਗਾ। ਕਾਰੋਬਾਰ ਕਰਨ ਦੀ ਸੌਖ ਅਤੇ ਵਪਾਰ ਪੱਖੀ ਕਰ ਮਾਹੌਲ ਸਿਰਜਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਓ.ਟੀ.ਐਸ.-2025 ਸਾਰੀਆਂ ਸ਼੍ਰੇਣੀਆਂ ਵਿੱਚ ਵਿਆਜ ਅਤੇ ਜੁਰਮਾਨੇ ਦੀ 100 ਫੀਸਦੀ ਛੋਟ ਦਿੰਦਿਆਂ ਕਾਰੋਬਾਰਾਂ ਦੇ ਵਿੱਤੀ ਬੋਝ ਨੂੰ ਕਾਫ਼ੀ ਹੱਦ ਤੱਕ ਘਟਾਉਂਦੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇਹ ਸਕੀਮ ਮੂਲ ਟੈਕਸ ਵਿੱਚ ਵੀ ਸਲੈਬ ਅਨੁਸਾਰ ਵੱਡੀ ਛੋਟ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ 1 ਕਰੋੜ ਰੁਪਏ ਤੱਕ ਦੇ ਬਕਾਏ ਲਈ 50 ਫੀਸਦੀ ਛੋਟ, 1 ਕਰੋੜ ਤੋਂ 25 ਕਰੋੜ ਰੁਪਏ ਤੱਕ ਦੇ ਬਕਾਏ ਲਈ 25 ਫੀਸਦੀ ਛੋਟ, ਅਤੇ 25 ਕਰੋੜ ਰੁਪਏ ਤੋਂ ਵੱਧ ਦੇ ਬਕਾਏ ਲਈ 10 ਫੀਸਦੀ ਛੋਟ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਜਨਰਲ ਸੇਲਜ਼ ਟੈਕਸ ਐਕਟ 1948 ਦੀ ਧਾਰਾ 14-ਬੀ ਅਤੇ ਪੰਜਾਬ ਵੈਟ ਐਕਟ 2005 ਦੀ ਧਾਰਾ 51 ਤਹਿਤ ਵੀ ਇਸੇ ਤਰ੍ਹਾਂ ਦੀ ਰਾਹਤ ਮੁਹੱਈਆ ਕੀਤੀ ਗਈ ਹੈ। ਵਪਾਰੀਆਂ ਤੇ ਕਰਦਾਤਾਵਾਂ ਨੂੰ ਸਕੀਮ ਦਾ ਲਾਭ ਲੈਣ ਦੀ ਅਪੀਲ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਉਹ ਸਾਰੇ ਯੋਗ ਕਰਦਾਤਾਵਾਂ ਨੂੰ ਅਪੀਲ ਕਰਦੇ ਹਨ ਕਿ ਉਹ ਆਪਣੇ ਪੁਰਾਣੇ ਬਕਾਏ ਨਿਪਟਾਉਣ ਅਤੇ ਸੂਬੇ ਦੇ ਮਾਲੀਏ ਵਿੱਚ ਸਹਿਯੋਗੀ ਭਾਵਨਾ ਨਾਲ ਯੋਗਦਾਨ ਪਾਉਣ ਲਈ ਇਸ ਸੁਨਹਿਰੀ ਮੌਕੇ ਦਾ ਲਾਭ ਉਠਾਉਣ। ਇਸ ਦੇ ਨਾਲ ਹੀ ਉਨ੍ਹਾਂ ਸਪੱਸ਼ਟ ਕੀਤਾ ਕਿ ਜਿੱਥੇ ਸਰਕਾਰ ਸਹੂਲਤਾਂ ਦੇਣ ਲਈ ਵਚਨਬੱਧ ਹੈ, ਉੱਥੇ ਹੀ ਇਸ ਸਕੀਮ ਦਾ ਲਾਭ ਲੈ ਕੇ ਆਪਣੇ ਬਕਾਏ ਨਾ ਨਿਪਟਾਉਣ ਵਾਲਿਆਂ ਵਿਰੁੱਧ ਸਿਸਟਮ ਵਿੱਚ ਨਿਰਪੱਖਤਾ ਤੇ ਅਨੁਸ਼ਾਸਨ ਯਕੀਨੀ ਬਣਾਉਣ ਲਈ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾ ਸਕਦੀ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਗੇ ਦੱਸਿਆ ਕਿ ਸਰਕਾਰੀ ਅਨਾਜ ਏਜੰਸੀਆਂ ਨੂੰ ਛੱਡ ਕੇ ਬਾਕੀ ਸਾਰੇ ਕਰਦਾਤਾ ਸਟੇਟ ਟੈਕਸ ਦੇ ਸਹਾਇਕ ਕਮਿਸ਼ਨਰ (ਏ.ਸੀ.ਐਸ.ਟੀ) ਦੇ ਦਫ਼ਤਰ ਵਿੱਚ ਫਾਰਮ ਓ.ਟੀ.ਐਸ-01 ਜਮ੍ਹਾਂ ਕਰਵਾ ਕੇ ਇਸ ਸਕੀਮ ਤਹਿਤ ਅਪਲਾਈ ਕਰ ਸਕਦੇ ਹਨ।

NATIONAL SC-ST HUB
NSIC

ਅਨੁਸੂਚਿਤ ਜਾਤੀ/ਜਨਜਾਤੀ ਉਦਮੀਆਂ ਨੂੰ ਮੌਕਾ ਮੁਹੱਈਆ ਕਰਨ ਲਈ
ਨੈਸ਼ਨਲ ਐਸਸੀ-ਐਸਟੀ ਹੱਬ ਯੋਜਨਾ

ਅਕਤੂਬਰ 2016 ਤੋਂ
ਐਸਸੀ-ਐਸਟੀ ਇਕਾਈਆਂ ਤੋਂ ਸਰਕਾਰੀ ਖਰੀਦ 38 ਗੁਣਾ ਵਧੀ
1.5 ਲੱਖ ਤੋਂ ਵੱਧ ਐਸਸੀ - ਐਸਟੀ ਉਦਮੀ ਲਾਭਪਾਤਰੀ

ਮੁੱਖ ਲਾਭ
- ਰੁ. 25 ਲੱਖ ਤੱਕ ਦੀ ਸਬਸਿਡੀ
- ਮੁਫ਼ਤ ਸਮਰੱਥਾ ਨਿਰਮਾਣ ਸਿਖਲਾਈ
- ਵਿਕ੍ਰੇਤਾ ਵਿਕਾਸ ਅਤੇ ਬਜ਼ਾਰ ਸੰਪਰਕ ਸਹਾਇਤਾ
- ਮੁਕਾਬਲੇਬਾਜ਼ੀ ਵਿਸਥਾਰ ਸਹਿਯੋਗ



"ਐਮ ਐਸ ਐਮ ਈ ਸਾਡੇ ਦੇਸ਼ ਦੇ ਆਰਥਿਕ ਵਾਧੇ ਵਿਚ ਪਰਿਵਰਤਨਕਾਰੀ ਭੂਮਿਕਾ ਨਿਭਾਉਂਦੇ ਹਨ। ਅਸੀਂ ਇਸ ਖੇਤਰ ਦੇ ਵਿਸਥਾਰ ਅਤੇ ਮਜ਼ਬੂਤੀਕਰਨ ਦੇ ਲਈ ਵਚਨਬੱਧ ਹਾਂ।"
— ਪ੍ਰਧਾਨ ਮੰਤਰੀ ਨਰੇਂਦਰ ਮੋਦੀ

ਵਧੇਰੇ ਜਾਣਕਾਰੀ ਦੇ ਲਈ ਦੇਖੋ : www.scsthub.in

ਰਾਸ਼ਟਰੀ ਐਸਸੀ-ਐਸਟੀ ਹੱਬ ਫਾਲੋ ਕਰਨ ਦੇ ਲਈ QR code ਸਕੈਨ ਕਰੋ

CBC 25106/15/0001/2526

## ਸੰਪਾਦਕੀ

# ਹੰਗਾਮੇ ਦੌਰਾਨ ਪ੍ਰਧਾਨ ਮੰਤਰੀ ਦਾ ਭਾਸ਼ਣ

ਬਜਟ ਸੈਸ਼ਨ ਦੇ ਸੱਤਵੇਂ ਦਿਨ ਸੰਸਦ ਵਿੱਚ ਜੋ ਸਥਿਤੀ ਬਣੀ, ਉਹ ਜ਼ਰੂਰ ਹੀ ਜਮਹੂਰੀ ਪਰੰਪਰਾਵਾਂ ਵਿੱਚ ਮਤਭੇਦਾਂ ਦੇ ਤਿੱਖੇ ਹੋਣ ਨੂੰ ਦਰਸਾਉਂਦੀ ਹੈ। ਮੌਜੂਦਾ ਸੈਸ਼ਨ ਕਈ ਦਿਨਾਂ ਤੋਂ ਲਗਾਤਾਰ ਹੰਗਾਮੇ ਨਾਲ ਭਰਿਆ ਹੋਇਆ ਹੈ, ਜਿਸ ਨਾਲ ਕਾਰਵਾਈ ਵਿੱਚ ਵਿਘਨ ਪਿਆ ਹੈ। ਬੁੱਧਵਾਰ ਨੂੰ ਰਾਸ਼ਟਰਪਤੀ ਦੇ ਭਾਸ਼ਣ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਧੰਨਵਾਦ ਮਤੇ ਦਾ ਜਵਾਬ ਦੇਣਾ ਸੀ, ਪਰ ਹੰਗਾਮੇ ਅਤੇ ਵਿਘਨ ਕਾਰਨ ਸਦਨ ਨੂੰ ਮੁਲਤਵੀ ਕਰ ਦਿੱਤਾ ਗਿਆ। ਵਿਰੋਧੀ ਪਾਰਟੀਆਂ ਵੱਲੋਂ ਉਠਾਏ ਗਏ ਸਵਾਲਾਂ ਅਤੇ ਗਰਮ ਬਹਿਸਾਂ ਦੇ ਵਿਚਕਾਰ ਵਿਰੋਧੀ ਪਾਰਟੀਆਂ ਨੇ ਸਦਨ ਦਾ ਬਾਈਕਾਟ ਕੀਤਾ, ਵਿਰੋਧੀ ਧਿਰ ਦੇ ਨੇਤਾ ਨੂੰ ਬੋਲਣ ਦੀ ਇਜਾਜ਼ਤ ਨਾ ਦਿੱਤੇ ਜਾਣ ਦਾ ਮੁੱਦਾ ਉਠਾਇਆ। ਦੂਜੇ ਪਾਸੇ ਸਰਕਾਰ ਨੇ ਦਾਅਵਾ ਕੀਤਾ ਕਿ ਵਿਰੋਧੀ ਧਿਰ ਸਦਨ ਨੂੰ ਕੰਮ ਕਰਨ ਤੋਂ ਰੋਕ ਰਹੀ ਹੈ। ਜ਼ਾਹਿਰ ਹੈ ਕਿ ਹੰਗਾਮੇ ਨੇ ਰਾਸ਼ਟਰਪਤੀ ਦੇ ਭਾਸ਼ਣ ’ਤੇ ਵਿਆਪਕ ਚਰਚਾ ਵਿੱਚ ਵਿਘਨ ਪਾਇਆ, ਜੋ ਕਿ ਇੱਕ ਵਿਆਪਕ ਚਰਚਾ ਹੋਣੀ ਚਾਹੀਦੀ ਸੀ। ਇਸ ਦੇ ਬਾਵਜੂਦ ਪ੍ਰਧਾਨ ਮੰਤਰੀ ਨੇ ਰਾਜ ਸਭਾ ਵਿੱਚ ਆਪਣੇ ਵਿਚਾਰ ਪੇਸ਼ ਕੀਤੇ, ਸਰਕਾਰ ਦੇ ਫੈਸਲਿਆਂ ਅਤੇ ਨੀਤੀਆਂ ਨੂੰ ਸਪੱਸ਼ਟ ਕੀਤਾ। ਬਦਲਦੀ ਭੂ-ਰਾਜਨੀਤਿਕ ਸਥਿਤੀ ਦੇ ਵਿਚਕਾਰ ਵਿਸ਼ਵ ਪੱਧਰ ’ਤੇ ਤੇਜ਼ੀ ਨਾਲ ਨੀਤੀਗਤ ਬਦਲਾਅ ਦੇਖੇ ਜਾ ਰਹੇ ਹਨ ਅਤੇ ਇੱਕ ਨਵੇਂ ਕ੍ਰਮ ਲਈ ਜ਼ਮੀਨ ਉੱਭਰਦੀ ਜਾਪਦੀ ਹੈ। ਇਸ ਸੰਦਰਭ ਵਿੱਚ ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਜਦੋਂ ਕਿ ਮੌਜੂਦਾ ਸਥਿਤੀ ਬੇਕਾਬੂ ਹੁੰਦੀ ਜਾ ਰਹੀ ਹੈ, ਇਹ ਸਪੱਸ਼ਟ ਹੈ ਕਿ ਦੁਨੀਆ ਇੱਕ ਨਵੇਂ ਗਲੋਬਲ ਆਰਡਰ ਵੱਲ ਵੱਧ ਰਹੀ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਉਭਰੀ ਗਲੋਬਲ ਆਰਡਰ ਹੁਣ ਬਦਲ ਰਿਹਾ ਹੈ ਅਤੇ ਇੱਕ ਨਿਰਪੱਖ ਦ੍ਰਿਸ਼ਟੀਕੋਣ ਤੋਂ ਇਹ ਸਪੱਸ਼ਟ ਹੈ ਕਿ ਰੁਝਾਨ ਭਾਰਤ ਵੱਲ ਵੱਧ ਰਿਹਾ ਹੈ। ਦਰਅਸਲ, ਹਾਲ ਹੀ ਦੇ ਸਾਲਾਂ ਵਿੱਚ ਵਿਕਸਤ ਦੇਸ਼ਾਂ ਵਿੱਚ ਕੂਟਨੀਤਕ ਟਕਰਾਅ ਅਤੇ ਨਤੀਜੇ ਵਜੋਂ ਚੁਣੌਤੀਆਂ ਦੇ ਵਿਚਕਾਰ ਭਾਰਤ ਨੂੰ ਉਮੀਦ ਦੀ ਕਿਰਨ ਵਜੋਂ ਦੇਖਿਆ ਗਿਆ ਹੈ ਕਿਉਂਕਿ ਗਲੋਬਲ ਸਾਊਥ ਮੰਨੇ ਜਾਂਦੇ ਦੇਸ਼ਾਂ ਦੇ ਮੁੱਦਿਆਂ ’ਤੇ ਅਵਾਜ਼ਾਂ ਹੌਲੀ ਹੋ ਗਈਆਂ ਹਨ। ਇਸ ਗੱਲ ਨੂੰ ਸਮਝਾਉਂਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਨੂੰ ਗਲੋਬਲ ਸਾਊਥ ’ਤੇ ਚਰਚਾ ਵਿੱਚ ਇੱਕ ਮੁੱਖ ਅਵਾਜ਼ ਅਤੇ ਗਲੋਬਲ ਸਾਊਥ ਲਈ ਇੱਕ ਮਜ਼ਬੂਤ ਅਵਾਜ਼ ਵਜੋਂ ਦੇਖਿਆ ਜਾਂਦਾ ਹੈ। ਭਾਰਤ ਦੇ ਕਈ ਦੇਸ਼ਾਂ ਨਾਲ ਮੁਕਤ ਵਪਾਰ ਸਮਝੌਤੇ ਭਵਿੱਖ ਵਿੱਚ ਨੀਤੀ ਪੱਧਰ ’ਤੇ ਮਹੱਤਵਪੂਰਨ ਹੋਣ ਲਈ ਤਿਆਰ ਹਨ ਅਤੇ ਉਨ੍ਹਾਂ ਦੇ ਨਤੀਜਿਆਂ ਵਿੱਚ ਪਹਿਲਾਂ ਹੀ ਡੂੰਘੀ ਦਿਲਚਸਪੀ ਹੈ। ਇਸ ਸੰਦਰਭ ਵਿੱਚ ਪ੍ਰਧਾਨ ਮੰਤਰੀ ਨੇ ਯੂਰਪੀਅਨ ਯੂਨੀਅਨ ਨਾਲ ਹਾਲ ਹੀ ਵਿੱਚ ਹੋਏ ਸਮਝੌਤਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜਦੋਂ ਇੱਕ ਵਿਕਸਤ ਦੇਸ਼ ਆਪਣੀ ਪਹਿਲਕਦਮੀ ’ਤੇ ਇੱਕ ਵਿਕਾਸਸ਼ੀਲ ਦੇਸ਼ ਨਾਲ ਸਮਝੌਤਾ ਕਰਦਾ ਹੈ ਤਾਂ ਇਹ ਅਰਥਵਿਵਸਥਾ ਨੂੰ ਇੱਕ ਮਹੱਤਵਪੂਰਨ ਸੰਦੇਸ਼ ਭੇਜਦਾ ਹੈ। ਇਹਨਾਂ ਵਿੱਚੋਂ ਯੂਰਪੀਅਨ ਯੂਨੀਅਨ ਦੇ ਸਤਾਈ ਦੇਸ਼ਾਂ ਨਾਲ ਇੱਕ ਵਿਆਪਕ ਸਮਝੌਤਾ ਹੋਇਆ, ਜਿਸਨੂੰ ਸਾਰੇ ਸਮਝੌਤਿਆਂ ਦੀ ਮਾਂ ਮੰਨਿਆ ਜਾਂਦਾ ਹੈ। ਇਸ ਮਹੱਤਵਪੂਰਨ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਧਾਨ ਮੰਤਰੀ ਨੇ ਇੱਕ ਨਵੇਂ ਵਿਸ਼ਵ ਵਿਵਸਥਾ ਅਤੇ ਇਸ ਵਿੱਚ ਭਾਰਤ ਦੇ ਵਿਸ਼ੇਸ਼ ਸਥਾਨ ਵੱਲ ਇਸ਼ਾਰਾ ਕੀਤਾ। ਇਸ ਤੋਂ ਇਲਾਵਾ ਦੁਨੀਆ ਦੇ ਬਹੁਤ ਸਾਰੇ ਅਮੀਰ ਦੇਸ਼ਾਂ ਵਿੱਚ ਵਧਦੀ ਬਜ਼ੁਰਗ ਆਬਾਦੀ ਗੰਭੀਰ ਚਿੰਤਾ ਦਾ ਕਾਰਨ ਬਣਦੀ ਜਾ ਰਹੀ ਹੈ। ਅਜਿਹੀ ਸਥਿਤੀ ਵਿੱਚ ਭਾਰਤ ਆਪਣੀ ਨੌਜਵਾਨ ਆਬਾਦੀ ਰਾਹੀਂ ਇੱਕ ਬਿਹਤਰ ਭਵਿੱਖ ਦੀ ਉਮੀਦ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨੇ ਇਹ ਵੀ ਨੋਟ ਕੀਤਾ ਕਿ ਭਾਰਤ ਪ੍ਰਤੀ ਵਿਸ਼ਵਵਿਆਪੀ ਖਿੱਚ ਵਧੀ ਹੈ ਅਤੇ ਸਾਡੇ ਕੋਲ ਦ੍ਰਿੜਤਾ, ਸੁਪਨੇ ਅਤੇ ਸਮਰੱਥਾ ਵਾਲੀਆਂ ਨੌਜਵਾਨ ਪ੍ਰਤਿਭਾਵਾਂ ਹਨ। ਸਪੱਸ਼ਟ ਤੌਰ ’ਤੇ ਇੱਕ ਵਿਰੋਧੀ ਧਿਰ ਦੀ ਅਣਹੋਂਦ ਵਿੱਚ ਜੋ ਇੱਕੋ ਸਮੇਂ ਬਹਿਸ, ਚਰਚਾ ਅਤੇ ਟਕਰਾਅ ਦੇ ਮੁੱਦਿਆਂ ਨੂੰ ਹੱਲ ਕਰ ਸਕਦੀ ਹੈ, ਪ੍ਰਧਾਨ ਮੰਤਰੀ ਦੇ ਭਾਸ਼ਣ ਨੂੰ ਲੋਕਤੰਤਰੀ ਰੂਪ ਵਿੱਚ ਵਿਚਾਰਿਆ ਜਾਵੇਗਾ। -ਜਗਜੀਤ ਸਿੰਘ ਦਰਦੀ

# ਨਿਰਾਸ਼ ਉਦਾਸ ਕਰਜ਼ੇ ’ਚ ਡੁੱਬੇ ਕਿਸਾਨ ਕਿੱਥੇ ਜਾਣ

## ਪੰਜਾਬ ਦੇ ਕਿਸਾਨਾਂ ਦੀ ਹੋਣੀ: ਇੱਕ ਗਹਿਰਾ ਸੰਕਟ, ਰਾਜਨੀਤਿਕ ਅਸਫਲਤਾ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੰਜਾਬ ਦੇ ਕਿਸਾਨ ਉਦਾਸ ਤੇ ਨਿਰਾਸ਼ਾ ਵਿੱਚ ਹਨ । ਕਰਜ਼ੇ ਵਿੱਚ ਟੁੱਟੇ ਹੋਏ ਤੇ ਘਰ ਟੁੱਟ ਗਏ ਹਨ। ਸੜਕਾਂ ’ਤੇ ਸਰਕਾਰ ਲਾਠੀਚਾਰਜ ਕਰਦੀ ਹੈ ਤੇ ਆਂਸੂ ਗੈਸ ਛੱਡਦੀ ਹੈ। ਅੱਜ ਇਹ ਹੋਣੀ ਹੈ ਅੱਜ ਪੰਜਾਬ ਦੇ ਕਿਸਾਨਾਂ ਦੀ ਹੈ।

ਅੱਜ ਇਸ ਸਮਾਜਿਕ ਟੁੱਟਣ ਦਾ ਵਿਸ਼ਲੇਸ਼ਣ ਪੰਜਾਬ, ਜਿਸ ਨੂੰ ਭਾਰਤ ਦਾ ਅੰਨਦਾਤਾ ਕਿਹਾ ਜਾਂਦਾ ਹੈ, ਅੱਜ ਆਪਣੇ ਇਤਿਹਾਸ ਦੇ ਸਭ ਤੋਂ ਗੰਭੀਰ ਅਤੇ ਬਹੁਪੱਖੀ ਸੰਕਟ ਵਿੱਚੋਂ ਲੰਘ ਰਿਹਾ ਹੈ। ਇੱਕ ਪਾਸੇ ਕਿਸਾਨ ਸੜਕਾਂ ’ਤੇ ਲਾਠੀਆਂ, ਆਂਸੂ ਗੈਸ, ਰਬੜ ਦੀਆਂ ਗੋਲੀਆਂ ਅਤੇ ਡਰੋਨਾਂ ਨਾਲ ਛੱਡੇ ਗੈਸ ਦੇ ਸਾਹਮਣੇ ਖੜ੍ਹੇ ਹਨ। ਦੂਜੇ ਪਾਸੇ ਉਹਨਾਂ ਦੀ ਜ਼ਮੀਨ ਵਿਕ ਰਹੀ ਹੈ, ਜੋਤਾਂ ਛੋਟੀਆਂ ਹੋ ਰਹੀਆਂ ਹਨ, ਪਰਿਵਾਰ ਟੁੱਟ ਰਹੇ ਹਨ, ਘਰਾਂ ਵਿੱਚ ਨਿਰਾਸ਼ਾ, ਉਦਾਸੀ, ਕਰਜ਼ੇ ਅਤੇ ਬਿਮਾਰੀਆਂ ਦਾ ਭਾਰ ਵਧ ਰਿਹਾ ਹੈ।

ਅੱਜ ਗੈਂਗਸਟਰ ਗੋਲੀਆਂ ਚਲਾ ਰਹੇ ਹਨ, ਨਸ਼ੇ ਦਾ ਜਾਲ ਫੈਲ ਰਿਹਾ ਹੈ ਅਤੇ ਸਰਕਾਰਾਂ ਸੁੱਤੀਆਂ ਪਈਆਂ ਹਨ ਜਾਂ ਵੋਟ ਬੈਂਕ ਅਤੇ ਨੋਟ ਦੀ ਰਾਜਨੀਤੀ ਵਿੱਚ ਰੁੱਝੀਆਂ ਹੋਈਆਂ ਹਨ । ਇਹ ਸੰਕਟ ਕੇਵਲ ਆਰਥਿਕ ਨਹੀਂ, ਸਗੋਂ ਸਮਾਜਿਕ, ਮਾਨਸਿਕ, ਵਾਤਾਵਰਣਕ ਅਤੇ ਰਾਜਨੀਤਿਕ ਵੀ ਹੈ। ਅੱਜ ਅਸੀਂ ਤਾਜ਼ਾ ਅੰਕੜਿਆਂ, ਘਟਨਾਵਾਂ ਅਤੇ ਵਿਸ਼ਲੇਸ਼ਣ ਨਾਲ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ ਅਤੇ ਵੇਖਾਂਗੇ ਕਿ ਵੋਟ ਚੋਟ ਅਤੇ ਨੋਟ ਦੀ ਇਸ ਪਰਿਭਾਸ਼ਾ ਵਿੱਚ ਅੰਨਦਾਤਾ ਕਿਵੇਂ ਭੁੱਲ ਗਿਆ ਹੈ।

2024-2025 ਦੇ ਕਿਸਾਨ ਪ੍ਰਦਰਸ਼ਨਾਂ ਦਾ ਵਿਸਥਾਰ ਅਤੇ ਪੁਲਿਸ ਜ਼ਿਆਦਤੀ 2024 ਵਿੱਚ 13 ਫਰਵਰੀ ਨੂੰ ਸ਼ੁਰੂ ਹੋਏ ਦਿੱਲੀ ਚੱਲੋ ਮਾਰਚ (ਦਿੱਲੀ ਚਲੋ 2.0) ਨੇ ਪੰਜਾਬ ਅਤੇ ਹਰਿਆਣਾ ਦੇ ਸਰਹੱਦੀ ਇਲਾਕਿਆਂ ਵਿੱਚ ਇੱਕ ਵੱਡੀ ਲਹਿਰ ਪੈਦਾ ਕੀਤੀ । ਸ਼ੰਭੂ ਅਤੇ ਖਨੌਰੀ ਬਾਰਡਰਾਂ ’ਤੇ ਹਜ਼ਾਰਾਂ ਕਿਸਾਨ ਟਰੈਕਟਰਾਂ ਨਾਲ ਇਕੱਠੇ ਹੋਏ। ਮੁੱਖ ਮੰਗਾਂ ਸਨ: MSP ਦੀ ਕਾਨੂੰਨੀ ਗਰੰਟੀ (32+50% ਫਾਰਮੂਲੇ ਨਾਲ), ਸਾਰੀਆਂ ਫਸਲਾਂ ਤੇ MSP, ਕਰਜ਼ਾ ਮੁਆਫੀ, ਬਿਜਲੀ ਬਿੱਲ ਵਿੱਚ ਸੋਧ ਅਤੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨਾ ਪਰ ਸਰਕਾਰੀ ਜਵਾਬ ਵਿੱਚ ਭਾਰੀ ਜ਼ਿਆਦਤੀ ਸੀ।

ਅੱਜ ਫਰਵਰੀ 2024 ਵਿੱਚ ਹਰਿਆਣਾ ਪੁਲਿਸ ਨੇ ਟੀਅਰ ਗੈਸ, ਰਬੜ ਦੀਆਂ ਗੋਲੀਆਂ, ਵਾਟਰ ਕੈਨਨ ਅਤੇ ਡਰੋਨਾਂ ਨਾਲ ਗੈਸ ਛੱਡਿਆ। 16 ਤੋਂ 23 ਫਰਵਰੀ ਵਿਚਕਾਰ ਸ਼ੰਭੂ ਅਤੇ ਖਨੌਰੀ ਤੇ 5 ਕਿਸਾਨਾਂ ਦੀ ਮੌਤ ਹੋਈ - ਜਿਨ੍ਹਾਂ ਵਿੱਚੋਂ ਕੁਝ ਨੂੰ ਕਾਰਡੀਐਕ ਅਰੈਸਟ ਅਤੇ ਇੱਕ ਨੂੰ ਰਬੜ ਬੁਲੇਟ ਨਾਲ ਮਾਰਿਆ ਗਿਆ ਮੰਨਿਆ ਗਿਆ। 21 ਫਰਵਰੀ ਨੂੰ ਖਨੌਰੀ ਤੇ 21 ਸਾਲਾ ਸ਼ੁਭਕਰਨ ਸਿੰਘ ਦੀ ਮੌਤ ਹੋਈ, ਜਿਸ ਨੇ ਪੂਰੇ ਪੰਜਾਬ ਵਿੱਚ ਰੋਸ ਭੜਕਾਇਆ ।ਪ੍ਰਦਰਸ਼ਨ ਲੰਬੇ ਚੱਲੇ। ਫਰਵਰੀ 2025 ਤੱਕ ਇਹ ਇੱਕ ਸਾਲ ਪੂਰਾ ਹੋ ਗਿਆ ਸੀ ਅਤੇ ਫਰਵਰੀ 2025 ਵਿੱਚ ਇਹ 380 ਦਿਨ ਪੂਰੇ ਕਰ ਚੁੱਕੇ ਸਨ, ਜੋ ਪਿਛਲੇ ਦਿੱਲੀ ਅੰਦੋਲਨ ਤੋਂ ਵੱਧ ਸੀ । ਜਗਜੀਤ ਸਿੰਘ ਦੱਲੇਵਾਲ ਨੇ 26 ਨਵੰਬਰ 2024 ਤੋਂ ਅਨਸ਼ਨ ਸ਼ੁਰੂ ਕੀਤਾ, ਜੋ ਜਨਵਰੀ 2025 ਤੱਕ 93 ਦਿਨ ਚੱਲਿਆ ਅਤੇ ਬਾਅਦ ਵਿੱਚ ਮੈਡੀਕਲ ਸਹਾਇਤਾ ਮਿਲੀ ।

ਮਾਰਚ 2025 ਵਿੱਚ ਪੰਜਾਬ ਪੁਲਿਸ ਨੇ ਸ਼ੰਭੂ ਅਤੇ ਖਨੌਰੀ ਤੋਂ ਪ੍ਰਦਰਸ਼ਨਕਾਰੀਆਂ ਨੂੰ ਹਟਾਇਆ, 200 ਤੋਂ ਵੱਧ ਗ੍ਰਿਫਤਾਰ ਕੀਤੇ ਅਤੇ ਢਾਂਚੇ ਢਾਹ ਦਿੱਤੇ। ਇਸ ਨਾਲ ਮੋਗਾ, ਤਰਨਤਾਰਨ, ਮੁਕਤਸਰ ਅਤੇ ਫਰੀਦਕੋਟ ਵਿੱਚ ਵਿਰੋਧ ਹੋਏ। ਬਠਿੰਡਾ ਵਿੱਚ ਵੀ ਕਈ ਵਾਰ ਲਾਠੀ ਚਾਰਜ ਅਤੇ ਆਂਸੂ ਗੈਸ ਵਰਤੀ ਗਈ, ਖਾਸ ਕਰਕੇ ਭਾਰਤ ਮਾਲਾ ਪ੍ਰੋਜੈਕਟ ਲਈ ਜ਼ਮੀਨ ਅਧਿਗ੍ਰਹਿਣ ਵਿਰੋਧ ਵਿੱਚ।ਇਹ ਪ੍ਰਦਰਸ਼ਨ ਨਹੀਂ ਸਿਰਫ਼ MSP ਲਈ ਸਨ, ਸਗੋਂ ਪੂਰੇ ਖੇਤੀ ਸਿਸਟਮ, ਵਾਤਾਵਰਣ ਸੰਕਟ ਅਤੇ ਰਾਜਨੀਤਿਕ ਅਸੰਵੇਦਨਸ਼ੀਲਤਾ ਵਿਰੋਧ ਵਿੱਚ ਸਨ ਪਰ ਸਰਕਾਰ ਨੇ ਵਾਅਦੇ ਕੀਤੇ ਪਰ ਅਧੂਰੇ ਰਹੇ, ਜਿਸ ਨਾਲ ਨਿਰਾਸ਼ਾ ਵਧੀ।

ਜ਼ਮੀਨ ਵਿਕਣਾ, ਜੋਤਾਂ ਦਾ ਛੋਟਾ ਹੋਣਾ ਅਤੇ ਵਿਰਾਸਤ ਵੰਡ ਦਾ ਸੰਕਟ ਪੰਜਾਬ ਵਿੱਚ ਜ਼ਮੀਨ ਵਿਕਣ ਦਾ ਸੰਕਟ ਬਹੁਤ ਗੰਭੀਰ ਹੈ। ਵਿਰਾਸਤ ਵਿੱਚ ਵੰਡ ਕਾਰਨ ਜੋਤਾਂ ਛੋਟੀਆਂ ਹੋ ਰਹੀਆਂ ਹਨ। 2024-2025 ਵਿੱਚ ਔਸਤ ਜੋਤ ਆਕਾਰ 3-5 ਏਕੜ ਤੋਂ ਵੀ ਘੱਟ ਹੋ ਰਿਹਾ ਹੈ। ਛੋਟੇ ਅਤੇ ਮੱਧਮ ਕਿਸਾਨਾਂ ਲਈ ਆਧੁਨਿਕ ਮਸ਼ੀਨਰੀ ਅਤੇ ਖਰਚੇ ਭਾਰੀ ਹਨ।2024-2025 ਦੇ ਅੰਕੜਿਆਂ ਅਨੁਸਾਰ, ਪੰਜਾਬ ਵਿੱਚ 83% ਤੋਂ ਵੱਧ ਭੂਗੋਲਿਕ ਖੇਤਰ ਖੇਤੀਬਾੜੀ ਅਧੀਨ ਹੈ, ਪਰ ਛੋਟੀਆਂ ਜੋਤਾਂ ਕਾਰਨ ਉਤਪਾਦਕਤਾ ਘੱਟ ਰਹੀ ਹੈ। ਨੌਜਵਾਨ ਵਿਦੇਸ਼ ਜਾ ਰਹੇ ਹਨ (ਖਾਸ ਕਰਕੇ ਕੈਨੇਡਾ, ਆਸਟਰੇਲੀਆ), ਜਿਸ ਨਾਲ ਜ਼ਮੀਨ ਲੀਜ਼ ’ਤੇ ਦੇਣ ਜਾਂ ਵੇਚਣ ਦਾ ਰੁਝਾਨ ਵਧਿਆ ਹੈ।

2024-2025 ਦੇ ਸੀਜ਼ਨ ਵਿੱਚ 12.83 ਲੱਖ ਕਿਸਾਨਾਂ ਵਿੱਚੋਂ ਸਿਰਫ਼ 38.83% ਨੇ ਆਪਣੀ ਜ਼ਮੀਨ ’ਤੇ ਹੀ ਖੇਤੀ ਕੀਤੀ, 41.31% ਨੇ ਮਿਲੀ-ਜੁਲੀ (ਆਪਣੀ + ਲੀਜ਼), ਅਤੇ 17.31% ਸਿਰਫ਼ ਲੀਜ਼ ’ਤੇ। ਇਹ ਰੁਝਾਨ ਹਰਿਆਣਾ (77.85%) ਅਤੇ ਯੂਪੀ (98.31%) ਨਾਲੋਂ ਬਹੁਤ ਘੱਟ ਹੈ।ਨਵਾਂਸ਼ਹਿਰ, ਹੁਸ਼ਿਆਰਪੁਰ, ਜਲੰਧਰ ਅਤੇ ਰੋਪੜ ਵਿੱਚ 50% ਤੋਂ ਵੱਧ ਕਿਸਾਨ ਜ਼ਮੀਨ ਲੀਜ਼ ’ਤੇ ਦੇ ਰਹੇ ਹਨ। ਛੋਟੇ ਕਿਸਾਨ ਅਸੰਭਵ ਮੰਨ ਕੇ ਜ਼ਮੀਨ ਵੇਚ ਰਹੇ ਹਨ, ਜਦਕਿ ਵੱਡੇ ਕਿਸਾਨ ਲੀਜ਼ ’ਤੇ ਲੈ ਕੇ ਵਧਾ ਰਹੇ ਹਨ। ਇਹ ਟੁੱਟਣ ਅਤੇ ਅਸਮਾਨਤਾ ਵਧਾ ਰਿਹਾ ਹੈ।ਕਰਜ਼ੇ ਦਾ ਭਾਰ ਅਤੇ ਆਤਮਹੱਤਿਆਵਾਂ ਪੰਜਾਬ ਵਿੱਚ ਕਿਸਾਨ ਕਰਜ਼ਾ 1 ਲੱਖ ਕਰੋੜ ਤੋਂ ਵੱਧ ਪਹੁੰਚ ਚੁੱਕਾ ਹੈ (2025 ਅੰਤ ਤੱਕ), ਜਿਸ ਵਿੱਚੋਂ 85,460 ਕਰੋੜ ਵਪਾਰਕ ਬੈਂਕਾਂ ਨੂੰ ਅਤੇ ਬਾਕੀ ਨਾਨ-ਇੰਸਟੀਟਿਊਸ਼ਨਲ (ਸਾਹੂਕਾਰਾਂ) ਨੂੰ। ਔਸਤ ਕਰਜ਼ਾ ਪ੍ਰਤੀ ਘਰਾਣਾ 2.03 ਲੱਖ ਤੋਂ ਵੱਧ ਹੈ (NSSO 2019 ਡੇਟਾ ਅਧਾਰਤ, ਪਰ 2025 ਵਿੱਚ ਵਧੇਰੇ), ਜੋ ਦੇਸ਼ ਵਿੱਚ ਤੀਜਾ ਸਭ ਤੋਂ ਵੱਧ ਹੈ। 89% ਤੋਂ ਵੱਧ ਖੇਤੀ ਘਰਾਣੇ ਕਰਜ਼ੇ ਵਿੱਚ ਹਨ ।

ਅੱਜ NCRB ਅਨੁਸਾਰ, 2023 ਵਿੱਚ ਪੰਜਾਬ ਵਿੱਚ 174 ਆਤਮਹੱਤਿਆਵਾਂ ਹੋਈਆਂ (141 ਕਿਸਾਨ, 33 ਮਜ਼ਦੂਰ), ਜੋ 2019 ਦੇ 302 ਤੋਂ ਘੱਟ ਹੈ। ਪਰ ਕਿਸਾਨ ਯੂਨੀਅਨਾਂ ਇਸ ਨੂੰ ਅੰਡਰ-ਰਿਪੋਰਟਿਡ ਮੰਨਦੇ ਹਨ। 2000-2015 ਵਿੱਚ 16,606 ਆਤਮਹੱਤਿਆਵਾਂ ਹੋਈਆਂ ਸਨ। ਕਰਜ਼ਾ ਮੁੱਖ ਕਾਰਨ ਹੈ - 77% ਛੋਟੇ/ਮੱਧਮ ਕਿਸਾਨਾਂ ਵੱਲੋਂ। ਔਸਤ ਮਹੀਨੇ ਦੀ ਆਮਦਨ 26,000 ਰੁਪਏ ਹੈ ਪਰ ਖਰਚੇ ਅਤੇ ਕਰਜ਼ੇ ਕਾਰਨ ਜੀਵਨ ਅਸੰਭਵ ਹੋ ਜਾਂਦਾ ਹੈ।ਹੜ੍ਹਾਂ ਦਾ ਪ੍ਰਭਾਵ ਅਤੇ ਰਾਹਤ ਪੈਕੇਜ 2025 ਵਿੱਚ ਪੰਜਾਬ ਵਿੱਚ ਭਿਆਨਕ ਹੜ੍ਹ ਆਏ, ਜਿਸ ਨੇ 1.76 ਲੱਖ ਹੈਕਟੇਅਰ ਜ਼ਮੀਨ ਨੂੰ ਪ੍ਰਭਾਵਿਤ ਕੀਤਾ। 48 ਮੌਤਾਂ ਹੋਈਆਂ, 1900 ਪਿੰਡ ਪ੍ਰਭਾਵਿਤ ਹੋਏ। ਫਸਲਾਂ ਤਬਾਹ ਹੋਈਆਂ, 2.52 ਲੱਖ ਜਾਨਵਰ ਅਤੇ 5.88 ਲੱਖ ਮੁਰਗੀਆਂ ਪ੍ਰਭਾਵਿਤ ਹੋਈਆਂ।

ਉਦੋਂ ਸਰਕਾਰ ਨੇ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਐਲਾਨ ਕੀਤਾ, ਪਰ ਕਿਸਾਨਾਂ ਅਨੁਸਾਰ ਅਸਲ ਨੁਕਸਾਨ 70,000 ਰੁਪਏ ਪ੍ਰਤੀ ਏਕੜ ਤੱਕ ਹੈ। ਕੇਂਦਰ ਨੇ 1,600 ਕਰੋੜ ਦਾ ਪੈਕੇਜ ਦਿੱਤਾ, ਪਰ ਇਹ ਨਾਕਾਫੀ ਸੀ।ਹੜ੍ਹਾਂ ਨੇ ਮਿੱਟੀ ਦੀ ਉਪਜਾਊ ਸ਼ਕਤੀ ਘਟਾਈ, ਪਾਣੀ ਭਰ ਜਾਣ ਕਾਰਨ ਬੀਜਣ ਵਿੱਚ ਦੇਰੀ ਹੋਈ ਅਤੇ ਨਵੇਂ ਕਰਜ਼ੇ ਵਧੇ।ਗੈਂਗਸਟਰ ਵਾਇਲੈਂਸ, ਨਸ਼ੇ ਅਤੇ ਸਮਾਜਿਕ ਟੁੱਟਣ 2025-2026 ਵਿੱਚ ਪੰਜਾਬ ਵਿੱਚ ਗੈਂਗਸਟਰ ਵਾਇਲੈਂਸ ਵਧੀ। ਟਾਰਗੇਟ ਕਿਲਿੰਗਾਂ, ਐਕਸਟਾਰਸ਼ਨ ਅਤੇ ਗੋਲੀਆਂ ਵਧੀਆਂ।

ਜਨਵਰੀ 2026 ਵਿੱਚ ਪਹਿਲੇ 8 ਦਿਨਾਂ ਵਿੱਚ 6 ਟਾਰਗੇਟ ਕਿਲਿੰਗਾਂ ਹੋਈਆਂ। ਵਿਦੇਸ਼ੀ ਗੈਂਗਸਟਰ (ਕੈਨੇਡਾ, ਯੂਰਪ, ”15 ਤੋਂ) ਐਕਸਟਾਰਸ਼ਨ ਅਤੇ ਨਸ਼ਾ ਸਮੱਗਲਿੰਗ ਚਲਾ ਰਹੇ ਹਨ। ਪੁਲਿਸ ਨੇ ਗੈਂਗਸਟਰਾਂ ’ਤੇ ਵਾਰ ਮੁਹਿੰਮ ਚਲਾਈ, ਜਿਸ ਵਿੱਚ ਹਜ਼ਾਰਾਂ ਰੇਡ ਅਤੇ ਗ੍ਰਿਫਤਾਰੀਆਂ ਹੋਈਆਂ, ਪਰ ਵਾਇਲੈਂਸ ਘੱਟ ਨਹੀਂ ਹੋਇਆ।ਨਸ਼ੇ ਦਾ ਜਾਲ ਗ੍ਰਾਮੀਣ ਇਲਾਕਿਆਂ ਵਿੱਚ ਫੈਲਿਆ ਹੈ। ਬੇਰੁਜ਼ਗਾਰੀ ਅਤੇ ਨਿਰਾਸ਼ਾ ਕਾਰਨ ਨੌਜਵਾਨ ਗੈਂਗਸ ਵਿੱਚ ਸ਼ਾਮਲ ਹੋ ਰਹੇ ਹਨ। ਪਰਿਵਾਰ ਟੁੱਟ ਰਹੇ ਹਨ, ਔਰਤਾਂ ਅਤੇ ਬੱਚੇ ਪ੍ਰਭਾਵਿਤ ਹੋ ਰਹੇ ਹਨ।

ਅੱਜ ਸਰਕਾਰਾਂ ਦੀ ਨੀਂਦ ਅਤੇ ਵੋਟ ਬੈਂਕ ਰਾਜਨੀਤੀਕੇਂਦਰ ਅਤੇ ਸੂਬਾ ਸਰਕਾਰਾਂ (AAP, ਪਹਿਲਾਂ ਕਾਂਗਰਸ/ਅਕਾਲੀ) ਨੇ ਕਿਸਾਨ ਮਸਲੇ ਨੂੰ ਵੋਟ ਬੈਂਕ ਵਜੋਂ ਵੇਖਿਆ। ਡੇਰਿਆਂ ਅਤੇ ਧਾਰਮਿਕ ਆਗੂਆਂ ਨਾਲ ਵੋਟਾਂ ਦੀ ਤਿਜਾਰਤ ਹੋ ਰਹੀ ਹੈ। ਪਾਰਲੀਮੈਂਟ ਠੱਪ ਹੈ, MSP ਬਿੱਲ ਪਾਸ ਨਹੀਂ ਹੋ ਰਿਹਾ। ਰਾਹਤ ਪੈਕੇਜ ਅਧੂਰੇ ਹਨ। ਰਾਜਨੀਤੀ ਵਿੱਚ ਨੋਟ ਅਤੇ ਵੋਟ ਦੀ ਖੇਡ ਵਿੱਚ ਅੰਨਦਾਤਾ ਭੁੱਲ ਗਿਆ ਹੈ।ਸਿੱਟਾ ਅਤੇ ਸੁਝਾਅ ਪੰਜਾਬ ਦੀ ਮਿੱਟੀ ਪੁੱਛ ਰਹੀ ਹੈ - ਮਿੱਟੀ ਨਾਲ ਮਿੱਟੀ ਹੋਣ ਵਾਲਾ ਕਿਸਾਨ ਜੀਵੇ ਤਾਂ ਕਿਵੇਂ ?

ਅੱਜ ਇਹ ਸੰਕਟ ਹੱਲ ਕਰਨ ਲਈ ਲੋੜ ਹੈ-MSP ਦੀ ਕਾਨੂੰਨੀ ਗਰੰਟੀ ਅਤੇ 32+50% ਫਾਰਮੂਲਾ ਵਿਆਪਕ ਕਰਜ਼ਾ ਮੁਆਫੀ ਅਤੇ ਰਾਹਤ ਪੈਕੇਜ, ਫਸਲ ਵਿਭਿੰਨਤਾ, ਆਰਗੈਨਿਕ ਖੇਤੀ ਅਤੇ ਵਾਤਾਵਰਣ ਅਨੁਕੂਲ ਨੀਤੀਆਂ ਗ੍ਰਾਮੀਣ ਰੁਜ਼ਗਾਰ, ਨਸ਼ਾ ਰੋਕੂ ਅਤੇ ਮਾਨਸਿਕ ਸਿਹਤ ਸਹਾਇਤਾ ਅਤੇ ਸੱਚੀ ਰਾਜਨੀਤੀ ਜੋ ਕਿਸਾਨ ਨੂੰ ਕੇਂਦਰ ਵਿੱਚ ਰੱਖੇ।

ਅੱਜ,ਨਹੀਂ ਤਾਂ ਪੰਜਾਬ ਦਾ ਕਿਸਾਨ ਹੌਲੀ ਹੌਲੀ ਖ਼ਤਮ ਹੋ ਜਾਵੇਗਾ ਅਤੇ ਭਾਰਤ ਦੀ ਖੁਰਾਕ ਸੁਰੱਖਿਆ ਖਤਰੇ ਵਿੱਚ ਪੈ ਜਾਵੇਗੀ। ਇਹ ਸਮਾਂ ਹੈ ਜਾਗਣ ਦਾ ਅਤੇ ਅਸਲ ਕੰਮ ਕਰਨ ਦਾ।

# ਸੁਖਬੀਰ ਬਾਦਲ ਦੀਆਂ ਉਪਰੋਂ ਬੜਕਾਂ, ਅੰਦਰੋਂ ਕੰਬਣੀ ਛਿੜੀ



ਕਮਲਜੀਤ ਸਿੰਘ ਬਨਵੈਤ
98147 34035

- ਸ਼੍ਰੋਮਣੀ ਅਕਾਲੀ ਦਲ ਨੇ ਕੋਰ ਕਮੇਟੀ ਦੀ 6 ਫਰਵਰੀ ਦੀ ਮੀਟਿੰਗ ਬਿਨਾਂ ਏਜੰਡੇ ਤੋਂ ਕੀਤੀ
- ਇੱਕ ਮਤਾ ਜ਼ਰੂਰ ਪਾਸ ਕੀਤਾ ਕਿ ਲਾਪਤਾ 328 ਸਰੂਪਾਂ ਦੀ ਜਾਂਚ ਲਈ ਗਠਿਤ ਸਿੱਟ ਵਿੱਚ ਗੁਰਸਿੱਖ ਪੁਲਿਸ ਅਫਸਰ ਸ਼ਾਮਿਲ ਕੀਤੇ ਜਾਣ
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀ. ਏ. ਸਤਿੰਦਰ ਸਿੰਘ ਕੋਹਲੀ ਦਾ ਦੁਬਾਰਾ ਪੁਲਿਸ ਰਿਮਾਂਡ ਮਿਲਣ ਤੋਂ ਬਾਅਦ ਸੁਖਬੀਰ ਨੂੰ ਗ੍ਰਿਫ਼ਤਾਰੀ ਦਾ ਡਰ ਸਤਾਉਣ ਲੱਗਾ

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਜੇਲ੍ਹ ਵਿੱਚੋਂ ਬਾਹਰ ਆਉਣ ਦੇ ਹਾਲੇ ਸ਼ਗਨ ਵੀ ਪੂਰੇ ਨਹੀਂ ਹੋਏ ਕਿ ਸੁਖਬੀਰ ਬਾਦਲ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰਨ ਦਾ ਡਰ ਸਤਾਉਣ ਲੱਗਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਨੂੰ ਨਾਲ ਲੈ ਕੇ ਸੁਖਬੀਰ ਬਾਦਲ ਨੇ ਲੰਘੇ ਕੱਲ੍ਹ ਪਾਰਟੀ ਦੇ ਵਰਕਰਾਂ ਨੂੰ ਤੰਗ ਕਰਨ ਦੀ ਥਾਂ ਉਹਨਾਂ ਨੂੰ ਗ੍ਰਿਫ਼ਤਾਰ ਕਰਨ ਦੀ ਉਸ ਸਮੇਂ ਪੇਸ਼ਕਸ਼ ਕੀਤੀ ਜਦੋਂ ਉਹਨਾਂ ਨੂੰ ਭਿਣਕ ਪੈ ਗਈ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਲਾਪਤਾ ਸਰੂਪਾਂ ਦੇ ਮੁੱਖ ਮੁਲਜ਼ਮ ਸਤਿੰਦਰ ਸਿੰਘ ਕੋਹਲੀ ਨੂੰ ਦੁਬਾਰਾ ਪੁਲਿਸ ਰਿਮਾਂਡ ’ਤੇ ਲਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਪੁਲਿਸ ਨੂੰ ਕੋਹਲੀ ਦੇ ਘਰੋਂ ਸੁਖਬੀਰ ਬਾਦਲ ਦੇ ਕਾਰੋਬਾਰ ਨਾਲ ਸਬੰਧਤ ਕੁਝ ਡਾਕੂਮੈਂਟਸ ਹੱਥ ਲੱਗੇ ਸਨ। ਸੁਖਬੀਰ ਬਾਦਲ ਅੰਦਰੋਂ ਇਹ ਚਾਹੁੰਦੇ ਹੋਣਗੇ ਕਿ ਪੁਲਿਸ ਉਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਲਾਪਤਾ ਸਰੂਪਾਂ ਦੇ ਕੇਸ ਵਿੱਚ ਗ੍ਰਿਫ਼ਤਾਰ ਕਰਨ ਦੀ ਥਾਂ ਉਹਨਾਂ ਦੀ ਸਿਆਸੀ ਗ੍ਰਿਫ਼ਤਾਰੀ ਹੋ ਜਾਵੇ ਤਾਂ ਰਾਜਨੀਤਿਕ ਤੌਰ ’ਤੇ ਕੱਦ ਹੇਠਾਂ ਡਿੱਗਣ ਦੀ ਥਾਂ ਹੋਰ ਉੱਚਾ ਹੋ ਜਾਵੇਗਾ। ਸਤਿੰਦਰ ਸਿੰਘ ਕੋਹਲੀ ਜਿਹੜੇ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀ ਏ ਰਹੇ ਹਨ, ਸੁਖਬੀਰ ਸਿੰਘ ਬਾਦਲ ਦਾ ਕਥਿਤ ਤੌਰ ’ਤੇ ਕਾਰੋਬਾਰ ਵੀ ਦੇਖਦੇ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਵੱਲੋਂ 6 ਫਰਵਰੀ ਨੂੰ ਕੋਰ ਕਮੇਟੀ ਦੀ ਮੀਟਿੰਗ ਸੱਦੀ ਗਈ ਸੀ। ਅਕਾਲੀ ਦਲ ਨਾਲ ਜੁੜੇ ਸੂਤਰ ਦਾਅਵਾ ਕਰਦੇ ਹਨ ਕਿ ਮੀਟਿੰਗ ਲਈ ਕੋਈ ਏਜੰਡਾ ਨਹੀਂ ਸੀ ਭੇਜਿਆ ਗਿਆ। ਇਥੋਂ ਤੱਕ ਕਿ ਮੌਕੇ ’ਤੇ ਵੀ ਕੋਈ ਏਜੰਡਾ ਨਹੀਂ ਦਿੱਤਾ ਗਿਆ ਸੀ। ਇੱਕ ਗਿਣੀ ਮਿਥੀ ਰਣਨੀਤੀ ਤਹਿਤ ਕੋਰ ਕਮੇਟੀ ਸਿਆਸੀ ਬਦਲਾਖ਼ੋਰੀ ਦੇ ਚਲਦਿਆਂ ਪੁਲਿਸ ਮੁਖੀ ਗੌਰਵ ਯਾਦਵ ਨੂੰ ਮਿਲਣ ਲਈ ਤੁਰ ਪਈ। ਏਨਾ ਜ਼ਰੂਰ ਪਤਾ ਲੱਗਾ ਮੀਟਿੰਗ ਵਿੱਚ ਇੱਕ ਮਤੇ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ 328 ਸਰੂਪਾਂ ਦੀ ਜਾਂਚ ਲਈ ਸਰਕਾਰ ਵੱਲੋਂ ਬਣਾਈ ਸਿੱਟ ਵਿੱਚ ਗੁਰਸਿੱਖ ਪੁਲਿਸ ਮੁਲਾਜ਼ਮਾਂ ਨੂੰ ਸ਼ਾਮਿਲ ਕਰਨ ਦਾ ਮਤਾ ਪਾਸ ਕੀਤਾ ਗਿਆ। ਬਿਕਰਮ ਸਿੰਘ ਮਜੀਠੀਆ ਨੇ ਕੋਰ ਕਮੇਟੀ ਤੋਂ ਬਾਅਦ ਦਫ਼ਤਰ ਦੇ ਬਾਹਰ ਖੜ੍ਹੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਉਹ ਪੰਥ ਏਕੇ ਲਈ ਕੰਮ ਕਰਨਗੇ। ਮਜੀਠੀਆ ਦੇ ਇਸ ਬਿਆਨ ਦੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕੁਝ ਚਿਰ ਬਾਅਦ ਹੀ ਉਦੋਂ ਫੂਕ ਕੱਢ ਦਿੱਤੀ ਜਦੋਂ ਉਹਨਾਂ ਨੇ ਕਹਿ ਦਿੱਤਾ ਕਿ ਸ਼੍ਰੀ ਅਕਾਲ ਤਖ਼ਤ ਸਾਹਿਬ ਦਾ ਦੋ ਦਸੰਬਰ ਦਾ ਹੁਕਮਨਾਮਾ ਇੰਨ ਬਿੰਨ ਲਾਗੂ ਹੋਏ ਬਿਨਾਂ ਅਤੇ ਸੁਖਬੀਰ ਸਿੰਘ ਬਾਦਲ ਦੇ ਪ੍ਰਧਾਨਗੀ ਤੋਂ ਲਾਂਭੇ ਹੋਏ ਤੋਂ ਬਗ਼ੈਰ ਏਕਤਾ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਹੈ। ਉਹਨਾਂ ਨੇ ਉਸੇ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 190 ਸਰੂਪ ਹੋਰ ਲਾਪਤਾ ਹੋਣ ਬਾਰੇ ਨਵਾਂ ਖੁਲਾਸਾ ਕਰ ਦਿੱਤਾ। ਉਹਨਾਂ ਨੇ ਕਿਹਾ ਕਿ ਜਦੋਂ ਗਿਆਨੀ ਰਘਬੀਰ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ ਤਾਂ ਉਸ ਵੇਲੇ ਇੱਕ ਸ਼ਿਕਾਇਤ ਮਿਲੀ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਛਾਪੇ ਗਏ 190 ਸਰੂਪਾਂ ਦੀ ਸਿਆਹੀ ਅੰਗਾਂ ਦੇ ਆਰ-ਪਾਰ ਹੋ ਗਈ ਹੈ। ਇਸ ਦਾ ਮਤਲਬ ਇਹ ਕਿ ਜਾਂ ਤਾਂ ਪ੍ਰਕਾਸ਼ਨਾ ਵੇਲੇ ਕੁਤਾਹੀ ਵਰਤੀ ਗਈ ਜਾਂ ਫਿਰ ਪੇਪਰ ਮਾੜਾ ਖ਼ਰੀਦਿਆ ਗਿਆ ਹੋਣੈ।

ਕੋਰ ਕਮੇਟੀ ਦੀ ਮੀਟਿੰਗ ਤੋਂ ਬਾਅਦ ਸਮੁੱਚੀ ਲੀਡਰਸ਼ਿਪ ਜਦੋਂ ਪੁਲਿਸ ਮੁਖੀ ਦੇ ਚੰਡੀਗੜ੍ਹ ਦੇ ਸੈਕਟਰ ਨੌਂ ਸਥਿਤ ਦਫ਼ਤਰ ਵਿੱਚ ਮਿਲਣ ਲਈ ਗਈ ਤਾਂ ਸਭ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਇਕੱਲੇ ਅੰਦਰ ਗਏ। ਉਸ ਤੋਂ ਬਾਅਦ ਪੰਜ ਹੋਰ ਉਪਰਲੇ ਲੀਡਰ ਬੁਲਾ ਲਏ ਗਏ। ਬਾਅਦ ਵਿੱਚ ਅਕਾਲੀ ਲੀਡਰਾਂ ਨੇ ਡੀਜੀਪੀ ਦੇ ਦਫ਼ਤਰ ਜਿਵੇਂ ਧਾਵਾ ਬੋਲਿਆ ਉਸਦੀਆਂ ਤਸਵੀਰਾਂ ਅੱਜ ਦੀਆਂ ਅਖ਼ਬਾਰਾਂ ਵਿੱਚ ਬੋਲਦੀਆਂ ਹਨ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਹੱਕਾਂ ਤੇ ਸੂਬਾ ਪੁਲਿਸ ਉਹਨਾਂ ਦੇ ਚਾਰਟਰਡ ਅਕਾਊਂਟੈਂਟਾਂ ਜਾਂ ਹੋਰ ਮੁਲਾਜ਼ਮਾਂ ਨੂੰ ਤੰਗ ਕਰਨਾ ਬੰਦ ਕਰੇ। ਉਹਨਾਂ ਨੇ ਇਹ ਵੀ ਕਿਹਾ ਕਿ ਲਾਪਤਾ ਸਰੂਪਾਂ ਦੇ ਮਾਮਲੇ ਵਿੱਚ ਅਕਾਲੀ ਵਰਕਰਾਂ ’ਤੇ ਝੂਠੇ ਮਾਮਲੇ ਦਰਜ ਕੀਤੇ ਜਾ ਰਹੇ ਹਨ। ਇਸ ਕਰਕੇ ਹੁਣ ਉਹ ਖੁਦ ਗ੍ਰਿਫਤਾਰੀ ਦੇਣ ਆਏ ਹਨ, ਇਸ ਲਈ ਉਹਨਾਂ ਨੂੰ ਗ੍ਰਿਫਤਾਰ ਕੀਤਾ ਜਾਵੇ। ਉਹਨਾਂ ਨੇ ਡੀਜੀਪੀ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਕਿ ਲਾਪਤਾ ਸਰੂਪਾਂ ਦੇ ਮਾਮਲੇ ਵਿੱਚ ਸਰਕਾਰ ਨੇ ਜੋ ਵਿਸ਼ੇਸ਼ ਜਾਂਚ ਟੀਮ ਬਣਾਈ ਹੈ, ਉਹ ਜਾਂਚ ਦੀ ਬਜਾਏ ਅਕਾਲੀ ਆਗੂਆਂ ਦੀ ਰੇਕੀ ਕਰਨ ਦਾ ਕੰਮ ਕਰ ਰਹੀ ਹੈ।

ਇਸ ਗੱਲ ਨੂੰ ਵੀ ਨਹੀਂ ਨਕਾਰਿਆ ਜਾ ਸਕਦਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਿਆਸੀ ਬਦਲਾਖ਼ੋਰੀ ਤਹਿਤ ਸੁਖਬੀਰ ਸਿੰਘ ਬਾਦਲ ਨੂੰ ਹੱਥ ਪਾਉਣ ਦੀ ਚਾਲ ਚੱਲ ਰਹੀ ਹੋਵੇ। ਸਰਕਾਰੀ ਬਦਲਾਖ਼ੋਰੀ ਕੋਈ ਨਵਾਂ ਵਰਤਾਰਾ ਨਹੀਂ ਹੈ। ਆਮ ਆਦਮੀ ਪਾਰਟੀ ਨੇ ਤਾਂ ਰਾਜਨੀਤੀ ਵਿੱਚ ਪਿੱਛੇ ਜਿਹੇ ਪੈਰ ਧਰਿਆ ਹੈ, ਉਸ ਤੋਂ ਪਹਿਲਾਂ ਕਾਂਗਰਸ ਅਤੇ ਅਕਾਲੀ ਇੱਕ ਦੂਜੇ ਉੱਤੇ ਸਿਆਸੀ ਬਦਲਾਖ਼ੋਰੀ ਦੇ ਇਲਜ਼ਾਮ ਹੀ ਨਹੀਂ ਲਾਉਂਦੇ ਰਹੇ ਸਗੋਂ ਬੰਦੂਕਾਂ ਨਾਲ ਇੱਕ ਦੂਜੇ ਦੇ ਸੀਨੇ ਵੀ ਵਿੰਨੇ ਜਾਂਦੇ ਰਹੇ ਹਨ। ਅਦਾਲਤਾਂ ’ਤੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਅਜਿਹੀਆਂ ਸੈਂਕੜੇ ਸ਼ਿਕਾਇਤਾਂ ਦੀਆਂ ਫਾਈਲਾਂ ਸੁਣਵਾਈ ਲਈ ਆਉਂਦੀਆਂ ਰਹੀਆਂ ਹਨ।

ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਨੇ ਬਾਹਰ ਆ ਕੇ ਉਹੀ ਪੁਰਾਣਾ ਰਾਗ ਅਲਾਪਿਆ ਕਿ ਸਰਕਾਰ ਅਕਾਲੀ ਦਲ ਦੀ ਵੱਧ ਰਹੀ ਲੋਕਪ੍ਰਿਅਤਾ ਨੂੰ ਦੇਖ ਕੇ ਦੁਖਾਹਟ ਵਿੱਚ ਹੈ। ਸਰਕਾਰ ਨੂੰ ਇਹ ਹਜ਼ਮ ਨਹੀਂ ਹੋ ਰਿਹਾ ਹੈ। ਇਸੇ ਤਹਿਤ ਬਿਕਰਮ ਸਿੰਘ ਮਜੀਠੀਆ ਖਿਲਾਫ ਝੂਠਾ ਕੇਸ ਦਰਜ ਕੀਤਾ ਗਿਆ ਸੀ। ਇੱਥੇ ਹੀ ਬਸ ਨਹੀਂ ਵਿਸ਼ੇਸ਼ ਜਾਂਚ ਟੀਮਾਂ ਆਪ ਦੀ ਪ੍ਰਾਈਵੇਟ ਆਰਮੀ ਵਾਂਗੂੰ ਵਿਚਰ ਰਹੀਆਂ ਹਨ। ਉਹਨਾਂ ਨੇ ਇਹ ਵੀ ਕਿਹਾ ਕਿ ਸਰਕਾਰ ਜਿੰਨਾ ਮਰਜ਼ੀ ਜ਼ੋਰ ਲਾ ਲਵੇ ਅਕਾਲੀ ਦਲ ਇਹਨਾਂ ਹੱਥ ਕੰਡਿਆਂ ਤੋਂ ਡਰਨ ਵਾਲਾ ਨਹੀਂ ਅਤੇ ਲੋਕਾਂ ਕੋਲ ਜਾ ਕੇ ਸਰਕਾਰ ਨੂੰ ਬੇਨਕਾਬ ਕੀਤਾ ਜਾਵੇਗਾ।

ਸੁਖਬੀਰ ਬਾਦਲ ਸਟੇਜਾਂ ਤੋਂ ਬੋਲਦਿਆਂ ਅਕਸਰ ਕਹਿੰਦੇ ਹਨ ਕਿ ਉਹਨਾਂ ਦੇ ਬਾਪ ਅਤੇ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ 16 ਸਾਲ ਜੇਲ੍ਹ ਕੱਟੀ ਸੀ। ਮਰਹੂਮ ਬਾਦਲ ਦੇ ਜੇਲ੍ਹ ਦੇ ਸਮੇਂ ਨੂੰ ਲੈ ਕੇ ਵੀ ਕਈ ਤਰ੍ਹਾਂ ਦੀ ਨਾਪੱਖੀ ਚਰਚਾ ਚੱਲਦੀ ਹੈ ਪਰ ਸੁਖਬੀਰ ਸ਼ਾਇਦ ਇਹ ਭੁੱਲ ਜਾਂਦੇ ਹਨ ਕਿ ਉਹਨਾਂ ਦੇ ਬਾਪ ਨੇ ਪੰਥਕ ਮਸਲਿਆਂ ਨੂੰ ਲੈ ਕੇ ਸਿਆਸੀ ਜੇਲ੍ਹ ਕੱਟੀ ਸੀ ਜਦ ਕਿ ਉਸ ਉੱਤੇ ਤਾਂ ਭਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ। ਪਾਠਕਾਂ ਦੇ ਚੇਤਿਆਂ ਵਿੱਚੋਂ ਸ਼ਾਇਦ ਇਹ ਹਾਲੇ ਨਾ ਵਿਸਰਿਆ ਹੋਵੇ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇੱਕ ਵਾਰ ਭਰਿਸ਼ਟਾਚਾਰ ਦੇ ਦੋਸ਼ਾਂ ਹੇਠ ਹੀ ਪਿਉ ਪੁੱਤ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਸੀ। ਇਹ ਵੱਖਰੀ ਗੱਲ ਹੈ ਕਿ ਅਕਾਲੀ ਦਲ ਭਾਜਪਾ ਦੀ ਸਰਕਾਰ ਆਉਣ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਨੇ ਕੈਪਟਨ ਅਮਰਿੰਦਰ ਸਿੰਘ ਦੇ ਖ਼ਿਲਾਫ਼ ਵੀ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਸੀ। ਦੋਨੋਂ ਕੇਸ ਸਰਕਾਰਾਂ ਬਦਲਣ ’ਤੇ ਆਪਣੇ ਭਾਰ ਧੜੰਮ ਕਰਕੇ ਡਿੱਗ ਪੈਂਦੇ ਰਹਿੰਦੇ ਰਹੇ। ਕੈਪਟਨ ਅਮਰਿੰਦਰ ਸਿੰਘ ਅਕਸਰ ਬਾਦਲ ਪਿਉ ਪੁੱਤਰ ਦੀ ਜੇਲ੍ਹ ਯਾਤਰਾ ਨਾਲ ਜੁੜੀ ਇੱਕ ਕਹਾਣੀ ਸੁਣਾਉਂਦੇ ਹਨ ਕਿ ਜਦੋਂ ਸੁਖਬੀਰ ਪਟਿਆਲਾ ਦੀ ਜੇਲ੍ਹ ਵਿੱਚ ਬੰਦ ਸੀ ਤਾਂ ਉਹ ਉਸਦੇ ਲਈ ਪੀਜ਼ਾ ਤੇ ਕੋਕ ਭੇਜਦੇ ਰਹੇ ਸਨ। ਉਹਨਾਂ ਨੂੰ ਇਸ ਗੱਲ ਦੀ ਜਾਣਕਾਰੀ ਸੀ ਕਿ ਸੁਖਬੀਰ ਨੂੰ ਪੀਜ਼ਾ ਤੇ ਕੋਕ ਦੋਵੇਂ ਸਭ ਤੋਂ ਵੱਧ ਪਸੰਦ ਹਨ। ਉਸ ਵੇਲੇ ਦੀ ਇੱਕ ਹੋਰ ਘਟਨਾ ਵੀ ਯਾਦ ਆ ਰਹੀ ਹੈ ਕਿ ਪੰਥ ਦੇ ਨਿਧੜਕ ਨੇਤਾ ਅਤੇ 25 ਸਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ ਗੁਰਚਰਨ ਸਿੰਘ ਟੌਹੜਾ ਨੇ ਮਹਾਰਾਜੇ ਦੇ ਮਹਿਲ ਦੀ ਇੱਟ ਨਾਲ ਇੱਟ ਖੜਕਾਉਣ ਦਾ ਐਲਾਨ ਕਰ ਦਿੱਤਾ ਸੀ ਪਰ ਸੰਘਰਸ਼ ਧਰਨੇ ਤੋਂ ਅੱਗੇ ਨਹੀਂ ਸੀ ਵੱਧ ਸਕਿਆ।

ਹੁਣ ਵੀ ਸ਼ਾਇਦ ਸੁਖਬੀਰ ਸਿੰਘ ਬਾਦਲ ਇਹ ਭਰਮ ਪਾਲ ਰਹੇ ਹੋਣ ਜਾਂ ਉਹਨਾਂ ਨੂੰ ਉਮੀਦ ਹੋਵੇ ਕਿ ਗ੍ਰਿਫ਼ਤਾਰ ਕਰਨ ਦੀ ਸੂਰਤ ਵਿੱਚ ਅਕਾਲੀ ਦਲ ਸੜਕਾਂ ’ਤੇ ਆ ਜਾਵੇਗਾ। ਅਜਿਹਾ ਹੋਣ ਦੀ ਸੰਭਾਵਨਾ ਹਾਲ ਦੀ ਘੜੀ ਨਜ਼ਰ ਨਹੀਂ ਆ ਰਹੀ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਰੈਲੀਆਂ ਵਿੱਚ ਇਕੱਠ ਤਾਂ ਹੁੰਦਾ ਹੈ ਪਰ ਪਾਰਟੀ ਨੂੰ ਵੋਟ ਨਹੀਂ ਪੈਂਦੀ। ਪਿਛਲੇ ਦੋ ਦਹਾਕਿਆਂ ਤੋਂ ਸ਼੍ਰੋਮਣੀ ਅਕਾਲੀ ਦਲ ਸਪੋਰਟਰਾਂ ਨੂੰ ਵੋਟਰਾਂ ਵਿੱਚ ਬਦਲਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਇਆ ਹੈ। ਤਾਜ਼ਾ ਮਾਮਲਾ ਤਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਜੁੜਿਆ ਹੋਇਆ ਹੈ। ਲੋਕ ਤਾਂ ਹਾਲੇ 2015 ਅਤੇ ਉਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਦੀਆਂ ਵਾਪਰੀਆਂ ਘਟਨਾਵਾਂ ਅਤੇ ਲਟਕਦੇ ਇਨਸਾਫ਼ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਗਲ ਨਾਲ ਲਾਉਣ ਲਈ ਤਿਆਰ ਨਹੀਂ ਹੋ ਰਹੇ ਹਨ।



ਵਿੰਕਲਜੀਤ ਸਿੰਘ ਸਰਾ
9501477889

# ਉੱਤਰੀ ਭਾਰਤ ਵਿੱਚ ਮਹਿਲਾ ਕੈਂਸਰ ਦਾ ਸੰਕਟ : ਅੰਕੜਿਆਂ ਦੀ ਚੀਖ ਅਤੇ ਜਾਗਰੂਕਤਾ ਦਾ ਸੱਚ

**4 ਫਰਵਰੀ 2026, ਸਿਰਫ਼ ਇੱਕ ਤਾਰੀਖ ਨਹੀਂ, ਇੱਕ ਚੇਤਾਵਨੀ** : ਵਿਸ਼ਵ ਕੈਂਸਰ ਦਿਵਸ 2026 ਹੁਣੇ ਹੀ ਲੰਘਿਆ ਹੈ। ਹਰ ਸਾਲ ਇਹ ਦਿਨ ਨਾਅਰਿਆਂ ਅਤੇ ਸੈਮੀਨਾਰਾਂ ਨਾਲ ਮਨਾਇਆ ਜਾਂਦਾ ਹੈ, ਪਰ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੀਆਂ ਮਹਿਲਾਵਾਂ ਲਈ ਇਹ ਦਿਨ ਇੱਕ ਗੰਭੀਰ ਹਕੀਕਤ ਲੈ ਕੇ ਆਇਆ ਹੈ। ਰਾਜ ਸਭਾ ਵਿੱਚ ਪੇਸ਼ ਕੀਤੇ ਗਏ (NCDIR-NCRP) ਦੇ ਤਾਜ਼ਾ ਅੰਕੜੇ ਦੱਸਦੇ ਹਨ ਕਿ ਅਸੀਂ ਇੱਕ ਅਜਿਹੇ ਸਿਹਤ ਸੰਕਟ ਵਿੱਚੋਂ ਲੰਘ ਰਹੇ ਹਾਂ ਜਿੱਥੇ ਹਰ ਰੋਜ਼ 17 ਮਹਿਲਾਵਾਂ ਆਪਣੀ ਜਾਨ ਗੁਆ ਰਹੀਆਂ ਹਨ। ਪਿਛਲੇ ਪੰਜ ਸਾਲਾਂ (2021-2025) ਵਿੱਚ ਹੋਈਆਂ 31,792 ਮੌਤਾਂ ਸਿਰਫ਼ ਇੱਕ ਗਿਣਤੀ ਨਹੀਂ ਹਨ; ਇਹ 31,792 ਉੱਜੜੇ ਹੋਏ ਪਰਿਵਾਰ ਹਨ। ਇਹ ਰਿਪੋਰਟ ਇਸ ਗੰਭੀਰ ਸਥਿਤੀ ਦਾ ਡੂੰਘਾ ਵਿਸ਼ਲੇਸ਼ਣ ਕਰਦੀ ਹੈ ਅਤੇ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਅਸੀਂ ਕਿੱਥੇ ਗਲਤ ਹਾਂ।

**ਰਾਜ-ਵਾਰ ਵਿਸ਼ਲੇਸ਼ਣ, ਕੈਂਸਰ ਦਾ ਖ਼ੌਫ਼ਨਾਕ ਪਸਾਰ** : ਜਦੋਂ ਅਸੀਂ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਅੰਕੜਿਆਂ ਨੂੰ ਵੱਖ-ਵੱਖ ਕਰਕੇ ਦੇਖਦੇ ਹਾਂ, ਤਾਂ ਹਰ ਰਾਜ ਦੀ ਆਪਣੀ ਇੱਕ ਚੁਣੌਤੀ ਸਾਹਮਣੇ ਆਉਂਦੀ ਹੈ।

**ਪੰਜਾਬ: ਸਿਹਤ ਸਹੂਲਤਾਂ ਬਨਾਮ ਵਧਦੀ ਮੌਤ ਦਰ** : ਪੰਜਾਬ, ਜਿਸ ਨੂੰ ਕਦੇ ਦੇਸ਼ ਦਾ ਸਭ ਤੋਂ ਖੁਸ਼ਹਾਲ ਰਾਜ ਮੰਨਿਆ ਜਾਂਦਾ ਸੀ, ਹੁਣ ‘ਕੈਂਸਰ ਰਾਜਧਾਨੀ’ ਵਜੋਂ ਜਾਣਿਆ ਜਾਣ ਲੱਗਾ ਹੈ। ਪਿਛਲੇ ਪੰਜ ਸਾਲਾਂ ਵਿੱਚ ਇੱਥੇ ਮਹਿਲਾਵਾਂ ਦੇ ਤਿੰਨ ਪ੍ਰਮੁੱਖ ਕੈਂਸਰਾਂ (ਬ੍ਰੈਸਟ, ਸਰਵਿਕਸ, ਓਵਰੀ) ਕਾਰਨ 13,299 ਮੌਤਾਂ ਹੋਈਆਂ।

**ਬ੍ਰੈਸਟ ਕੈਂਸਰ**: 7,186 ਮੌਤਾਂ (ਸਭ ਤੋਂ ਘਾਤਕ), **ਸਰਵਾਈਕਲ ਕੈਂਸਰ**: 3,502 ਮੌਤਾਂ, **ਓਵਰੀਅਨ ਕੈਂਸਰ**: 2,611 ਮੌਤਾਂ।

**ਹਰਿਆਣਾ: ਸਭ ਤੋਂ ਵੱਡਾ ‘ਕਿਲਰ’ ਜ਼ੋਨ** : ਤਿੰਨਾਂ ਰਾਜਾਂ ਵਿੱਚੋਂ ਹਰਿਆਣਾ ਦੀ ਸਥਿਤੀ ਸਭ ਤੋਂ ਵੱਧ ਗੰਭੀਰ ਹੈ। ਇੱਥੇ ਪੰਜ ਸਾਲਾਂ ਵਿੱਚ 14,696 ਮੌਤਾਂ ਦਰਜ ਕੀਤੀਆਂ ਗਈਆਂ। ਹਰਿਆਣਾ ਵਿੱਚ ਕੈਂਸਰ ਦੇ ਨਵੇਂ ਕੇਸਾਂ (Estimated Incidence) ਵਿੱਚ ਸਾਲਾਨਾ ਵਾਧਾ ਦਰ 5.2% ਹੈ, ਜੋ ਕਿ ਇੱਕ ਖ਼ਤਰੇ ਦੀ ਘੰਟੀ ਹੈ। **ਬ੍ਰੈਸਟ ਕੈਂਸਰ**: 8,476 ਮੌਤਾਂ, **ਸਰਵਾਈਕਲ ਕੈਂਸਰ**: 3,180 ਮੌਤਾਂ, **ਓਵਰੀਅਨ ਕੈਂਸਰ**: 3,040 ਮੌਤਾਂ

**ਹਿਮਾਚਲ ਪ੍ਰਦੇਸ਼: ਪਹਾੜੀ ਖੇਤਰਾਂ ਵਿੱਚ ਚੁੱਪ-ਚਾਪ ਪਸਰਦਾ ਸੰਕਟ** : ਹਿਮਾਚਲ ਵਿੱਚ ਭਾਵੇਂ ਅੰਕੜਾ 3,797 ਮੌਤਾਂ ਦਾ ਹੈ, ਪਰ ਘੱਟ ਆਬਾਦੀ ਦੇ ਲਿਹਾਜ਼ ਨਾਲ ਇਹ ਬਹੁਤ ਜ਼ਿਆਦਾ ਹੈ। ਪਹਾੜੀ ਖੇਤਰਾਂ ਵਿੱਚ ਇਲਾਜ ਅਤੇ ਸਕ੍ਰੀਨਿੰਗ ਸੈਂਟਰਾਂ ਦੀ ਦੂਰੀ ਇੱਕ ਵੱਡੀ ਰੁਕਾਵਟ ਹੈ।

**ਮੌਤਾਂ ਅਤੇ ਕੇਸਾਂ ਦਾ ਵਧਦਾ ਰੁਝਾਨ (2021 ਬਨਾਮ 2025)** : ਇਹ ਸਭ ਤੋਂ ਡਰਾਉਣੀ ਗੱਲ ਹੈ ਕਿ ਵਿਗਿਆਨ ਦੀ ਤਰੱਕੀ ਦੇ ਬਾਵਜੂਦ ਕੈਂਸਰ ਕਾਰਨ ਹੋਣ ਵਾਲੀਆਂ ਮੌਤਾਂ ਘਟਣ ਦੀ ਬਜਾਏ ਵੱਧ ਰਹੀਆਂ ਹਨ।

**ਬ੍ਰੈਸਟ ਕੈਂਸਰ ਵਿੱਚ ਵਾਧਾ**: **ਹਰਿਆਣਾ**: 2021 ਵਿੱਚ 1,652 ਮੌਤਾਂ ਸੀ, ਜੋ 2025 ਤੱਕ ਵਧ ਕੇ 1,738 ਹੋ ਗਈਆਂ। ਪੰਜਾਬ: 2021 ਵਿੱਚ 1,418 ਤੋਂ ਵਧ ਕੇ 1,457 ਹੋ ਗਈਆਂ। ਨਵੇਂ ਕੇਸਾਂ ਦਾ ਅਨੁਮਾਨ (Estimated Incidence): ਨਵੇਂ ਕੇਸਾਂ ਦਾ ਵਧਣਾ ਇਹ ਦਰਸਾਉਂਦਾ ਹੈ ਕਿ ਸਮਾਜ ਵਿੱਚ ਕੈਂਸਰ ਫੈਲਾਉਣ ਵਾਲੇ ਕਾਰਕ (ਕਾਰਸੀਨੋਜਨ) ਸਰਗਰਮ ਹਨ। 2025 ਤੱਕ ਪੰਜਾਬ ਵਿੱਚ ਸਾਲਾਨਾ 3,388 ਬ੍ਰੈਸਟ ਕੈਂਸਰ ਦੇ ਨਵੇਂ ਕੇਸ ਆਉਣ ਦਾ ਅਨੁਮਾਨ ਹੈ।

**ਡਾਕਟਰੀ ਚੇਤਾਵਨੀ: ਦੇਰੀ ਬਣੀ ਮੌਤ ਦਾ ਕਾਰਨ** : ਪਬਲਿਕ ਹੈਲਥ ਮਾਹਿਰ ਡਾ. ਰਾਕੇਸ਼ ਕੁਮਾਰ ਗੁਪਤਾ (SIPHER) ਅਨੁਸਾਰ, ਸਾਡੇ ਦੇਸ਼ ਵਿੱਚ 70% ਕੈਂਸਰ ਕੇਸ ਤੀਜੀ ਜਾਂ ਚੌਥੀ ਸਟੇਜ ’ਤੇ ਪਤਾ ਲੱਗਦੇ ਹਨ। ਮਹਿਲਾਵਾਂ ਅਕਸਰ ਸ਼ਰਮ ਜਾਂ ਡਰ ਕਾਰਨ ਲੱਛਣਾਂ ਨੂੰ ਛੁਪਾਉਂਦੀਆਂ ਹਨ।

**ਮੁੱਖ ਚੁਣੌਤੀਆਂ**: **Late Diagnosis**: ਜਦੋਂ ਤੱਕ ਦਰਦ ਨਹੀਂ ਹੁੰਦਾ, ਮਹਿਲਾਵਾਂ ਡਾਕਟਰ ਕੋਲ ਨਹੀਂ ਜਾਂਦੀਆਂ। ਪਰ ਕੈਂਸਰ ਸ਼ੁਰੂਆਤੀ ਪੜਾਅ ਵਿੱਚ ਅਕਸਰ ਦਰਦ-ਰਹਿਤ ਹੁੰਦਾ ਹੈ।




**ਸਕ੍ਰੀਨਿੰਗ ਦੀ ਕਮੀ**: ਲੋਕਾਂ ਨੂੰ ਲੱਗਦਾ ਹੈ ਕਿ ਸਕ੍ਰੀਨਿੰਗ ਸਿਰਫ਼ ਬਿਮਾਰ ਹੋਣ ’ਤੇ ਕਰਵਾਈ ਜਾਂਦੀ ਹੈ, ਜਦਕਿ ਇਹ ਸਿਹਤਮੰਦ ਹਾਲਤ ਵਿੱਚ ਕਰਵਾਉਣੀ ਚਾਹੀਦੀ ਹੈ।

**ਰੈਫਰਲ ਚੇਨ**: ਪਿੰਡ ਦੇ ਹਸਪਤਾਲ ਤੋਂ ਵੱਡੇ ਕੈਂਸਰ ਇੰਸਟੀਚਿਊਟ ਤੱਕ ਪਹੁੰਚਣ ਵਿੱਚ 3-6 ਮਹੀਨੇ ਲੱਗ ਜਾਂਦੇ ਹਨ, ਜਿਸ ਦੌਰਾਨ ਕੈਂਸਰ ਪੂਰੇ ਸਰੀਰ ਵਿੱਚ ਫੈਲ ਜਾਂਦਾ ਹੈ।

**ਤਿੰਨ ਮੁੱਖ ਕੈਂਸਰ: ਲੱਛਣ ਅਤੇ ਬਚਾਅ** : ਬ੍ਰੈਸਟ ਕੈਂਸਰ (Breast Cancer) ਇਹ ਕੁੱਲ ਮੌਤਾਂ ਦਾ 56% ਹੈ।

ਲੱਛਣ: ਛਾਤੀ ਵਿੱਚ ਗਾਂਠ (Lump), ਚਮੜੀ ਵਿੱਚ ਲਾਲੀ ਜਾਂ ਖਾਰਸ਼, ਨਿੱਪਲ ਵਿੱਚੋਂ ਅਸਧਾਰਨ ਰਿਸਾਅ। **ਜਾਂਚ**: 40 ਸਾਲ ਦੀ ਉਮਰ ਤੋਂ ਬਾਅਦ ਹਰ ਮਹਿਲਾ ਨੂੰ ਸਾਲ ਵਿੱਚ ਇੱਕ ਵਾਰ ਮੈਮੋਗ੍ਰਾਫੀ ਕਰਵਾਉਣੀ ਚਾਹੀਦੀ ਹੈ। 20 ਸਾਲ ਦੀ ਉਮਰ ਤੋਂ ਬਾਅਦ ਹਰ ਮਹੀਨੇ ‘ਸਵੈ-ਜਾਂਚ’ (Self-Exam) ਕਰਨੀ ਚਾਹੀਦੀ ਹੈ।

ਸਰਵਾਈਕਲ ਕੈਂਸਰ (Cervical Cancer) ਗਰਭ-ਮੂੰਹ ਦਾ ਕੈਂਸਰ ਭਾਰਤ ਵਿੱਚ ਦੂਜਾ ਸਭ ਤੋਂ ਆਮ ਕੈਂਸਰ ਹੈ।

**ਲੱਛਣ**: ਮਾਹਵਾਰੀ ਤੋਂ ਇਲਾਵਾ ਜਾਂ ਮੈਨੋਪਾਜ਼ (Periods ਬੰਦ ਹੋਣ) ਤੋਂ ਬਾਅਦ ਖੂਨ ਆਉਣਾ, ਸੈਕਸ ਤੋਂ ਬਾਅਦ ਬਲੀਡਿੰਗ, ਬਦਬੂਦਾਰ ਡਿਸਚਾਰਜ।

**ਬਚਾਅ**: ਇਸ ਕੈਂਸਰ ਨੂੰ HPV ਵੈਕਸੀਨ ਰਾਹੀਂ ਰੋਕਿਆ ਜਾ ਸਕਦਾ ਹੈ। 9-14 ਸਾਲ ਦੀਆਂ ਬੱਚੀਆਂ ਨੂੰ ਇਹ ਟੀਕਾ ਜ਼ਰੂਰ ਲਗਵਾਉਣਾ ਚਾਹੀਦਾ ਹੈ।

ਓਵਰੀਅਨ ਕੈਂਸਰ (Ovarian Cancer) ਇਸ ਨੂੰ ‘ਸਾਈਲੈਂਟ ਕਿਲਰ’ ਕਿਹਾ ਜਾਂਦਾ ਹੈ।

**ਲੱਛਣ**: ਪੇਟ ਦਾ ਲਗਾਤਾਰ ਫੁੱਲਣਾ (Bloating), ਪੇਟ ਦੇ ਹੇਠਲੇ ਹਿੱਸੇ ਵਿੱਚ ਦਰਦ, ਭੁੱਖ ਘੱਟ ਲੱਗਣੀ।

**ਸਲਾਹ**: ਜੇਕਰ ਮਹੀਨੇ ਵਿੱਚ 12 ਵਾਰ ਤੋਂ ਵੱਧ ਪੇਟ ਫੁੱਲਣ ਦੀ ਸਮੱਸਿਆ ਰਹੇ, ਤਾਂ ਤੁਰੰਤ ਅਲਟਰਾਸਾਊਂਡ ਕਰਵਾਓ।

**ਸਰਕਾਰੀ ਯਤਨ ਅਤੇ ਸਹੂਲਤਾਂ ਦੀ ਸੂਚੀ** : ਕੇਂਦਰੀ ਸਿਹਤ ਮੰਤਰਾਲੇ ਨੇ NP-NCD ਪ੍ਰੋਗਰਾਮ ਤਹਿਤ ਕਈ ਸਹੂਲਤਾਂ ਦਿੱਤੀਆਂ ਹਨ: 770 ਜ਼ਿਲ੍ਹਾ NCD ਕਲੀਨਿਕ: ਜਿੱਥੇ ਕੈਂਸਰ ਦੀ ਮੁੱਢਲੀ ਜਾਂਚ ਹੁੰਦੀ ਹੈ। 364 ਡੇ-ਕੇਅਰ ਸੈਂਟਰ: ਜਿੱਥੇ ਮਰੀਜ਼ਾਂ ਨੂੰ ਕੀਮੋਥੈਰੇਪੀ ਦਿੱਤੀ ਜਾਂਦੀ ਹੈ।

**ਆਯੂਸ਼ਮਾਨ ਭਾਰਤ**: ਗਰੀਬ ਪਰਿਵਾਰਾਂ ਲਈ 5 ਲੱਖ ਤੱਕ ਦਾ ਕੈਂਸਰ ਇਲਾਜ ਮੁਫ਼ਤ ਹੈ। ਨਵੇਂ AIIMS: ਬਠਿੰਡਾ ਅਤੇ ਹਰਿਆਣਾ ਵਿੱਚ ਕੈਂਸਰ ਦੇ ਵਿਸ਼ੇਸ਼ ਇਲਾਜ ਕੇਂਦਰ ਸਥਾਪਿਤ ਕੀਤੇ ਗਏ ਹਨ।

**ਭਰਮ ਅਤੇ ਸੱਚਾਈ: ਸਮਾਜਿਕ ਸੋਚ ਵਿੱਚ ਬਦਲਾਅ** : ਸਾਡੇ ਸਮਾਜ ਵਿੱਚ ਕੈਂਸਰ ਦਾ ਡਰ ਬਿਮਾਰੀ ਨਾਲੋਂ ਵੀ ਵੱਡਾ ਹੈ।

**ਭਰਮ**: ਕੈਂਸਰ ਛੂਤ ਦੀ ਬਿਮਾਰੀ ਹੈ।
**ਸੱਚ**: ਕੈਂਸਰ ਹੱਥ ਮਿਲਾਉਣ ਜਾਂ ਨਾਲ ਖਾਣ ਨਾਲ ਨਹੀਂ ਫੈਲਦਾ।
ਭਰਮ: ਕੈਂਸਰ ਦਾ ਮਤਲਬ ਮੌਤ ਹੈ।
ਸੱਚ: ਜੇਕਰ ਪਹਿਲੀ ਸਟੇਜ ’ਤੇ ਪਤਾ ਲੱਗ ਜਾਵੇ, ਤਾਂ ਇਲਾਜ ਦੀ ਸਫ਼ਲਤਾ ਦਰ 90% ਤੋਂ ਵੱਧ ਹੁੰਦੀ ਹੈ।
ਭਰਮ: ਖੰਡ (Sugar) ਖਾਣ ਨਾਲ ਕੈਂਸਰ ਤੇਜ਼ੀ ਨਾਲ ਫੈਲਦਾ ਹੈ।
ਸੱਚ: ਚੀਨੀ ਦਾ ਸਿੱਧਾ ਕੈਂਸਰ ਨਾਲ ਸਬੰਧ ਨਹੀਂ ਹੈ, ਪਰ ਮੋਟਾਪਾ ਕੈਂਸਰ ਦਾ ਖ਼ਤਰਾ ਵਧਾਉਂਦਾ ਹੈ।

**ਵਰਲਡ ਕੈਂਸਰ ਡੇ 2026 ਦਾ ਅਸਲ ਸੰਦੇਸ਼**: “United by Unique ਇਸ ਸਾਲ ਦਾ ਥੀਮ ਸਾਨੂੰ ਇਹ ਸਿਖਾਉਂਦਾ ਹੈ ਕਿ ਭਾਵੇਂ ਹਰ ਮਰੀਜ਼ ਦੀ ਕਹਾਣੀ ਵੱਖਰੀ ਹੈ, ਪਰ ਸਾਨੂੰ ਕੈਂਸਰ ਕੇਅਰ ਵਿੱਚ ‘ਇਨਸਾਨ’ ਨੂੰ ਕੇਂਦਰ ਵਿੱਚ ਰੱਖਣਾ ਚਾਹੀਦਾ ਹੈ। ਕੈਂਸਰ ਦਾ ਇਲਾਜ ਸਿਰਫ਼ ਦਵਾਈਆਂ ਨਾਲ ਨਹੀਂ, ਸਗੋਂ ਹੌਸਲੇ ਅਤੇ ਸਹੀ ਜਾਣਕਾਰੀ ਨਾਲ ਹੁੰਦਾ ਹੈ। ਨਤੀਜਾ: ਅੰਕੜਿਆਂ ਤੋਂ ਐਕਸ਼ਨ ਤੱਕ ਦਾ ਸਫ਼ਰ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਇਹ ਅੰਕੜੇ ਸਾਨੂੰ ਡਰਾਉਣ ਲਈ ਨਹੀਂ, ਸਗੋਂ ਜਗਾਉਣ ਲਈ ਹਨ। ਮਹਿਲਾਵਾਂ ਦੇ ਕੈਂਸਰ ਦੀ ਰੋਕਥਾਮ ਸਿਰਫ਼ ਸਰਕਾਰ ਜਾਂ ਡਾਕਟਰਾਂ ਦੀ ਜ਼ਿੰਮੇਵਾਰੀ ਨਹੀਂ ਹੈ; ਇਹ ਸਾਡੇ ਹਰ ਘਰ ਦੀ ਜ਼ਿੰਮੇਵਾਰੀ ਹੈ।

**ਘਰ ਲਈ ਚਾਰ ਨਿਯਮ**: ਆਪਣੇ ਪਰਿਵਾਰ ਦੀਆਂ ਮਹਿਲਾਵਾਂ ਨੂੰ ਸਰੀਰਕ ਤਬਦੀਲੀਆਂ ਬਾਰੇ ਗੱਲ ਕਰਨ ਲਈ ਪ੍ਰੇਰਿਤ ਕਰੋ। 30 ਸਾਲ ਦੀ ਉਮਰ ਤੋਂ ਬਾਅਦ ਨਿਯਮਤ ਸਕ੍ਰੀਨਿੰਗ ਯਕੀਨੀ ਬਣਾਓ। ਜੀਵਨਸ਼ੈਲੀ ਵਿੱਚ ਸੁਧਾਰ ਕਰੋ— ਸ਼ਰਾਬ, ਤੰਬਾਕੂ ਅਤੇ ਮੋਟਾਪੇ ਤੋਂ ਬਚੋ। ਡਰ ਨੂੰ ਤਿਆਗ ਕੇ ਜਾਣਕਾਰੀ ਦਾ ਪੱਲਾ ਫੜੋ। ਇਹ ਲੇਖ ਸਿਰਫ਼ ਜਾਗਰੂਕਤਾ ਲਈ ਹੈ। ਕਿਸੇ ਵੀ ਸ਼ੱਕੀ ਲੱਛਣ ਦੀ ਸੂਰਤ ਵਿੱਚ ਤੁਰੰਤ ਨੇੜਲੇ ਸਿਹਤ ਕੇਂਦਰ ਵਿੱਚ ਮਾਹਿਰ ਡਾਕਟਰ ਦੀ ਸਲਾਹ ਲਓ।

ਯਾਦ ਰੱਖੋ: ਜਲਦੀ ਪਛਾਣ ਹੀ ਜੀਵਨ ਦਾ ਦਾਨ ਹੈ।

# ਵਿਜੇ ਸੋਨੀ ਮੋਹਲੋਵਾਲੀ ਦੀ ਅਗਵਾਈ 'ਚ ਭਾਜਪਾ ਵਰਕਰਾਂ ਨੇ ਰਾਹੁਲ ਗਾਂਧੀ ਦਾ ਪੁਤਲਾ ਸਾੜਿਆ



ਡੇਰਾ ਬਾਬਾ ਨਾਨਕ, 6 ਫਰਵਰੀ (ਹੈਪੀ ਕੌਂਟਲੀ):ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਟ੍ਰੇਡ ਸੈਲ ਦੇ ਕੋਆਰਡੀਨੇਟਰ ਤੇ ਉੱਘੇ ਕਾਰੋਬਾਰੀ ਵਿਜੇ ਕੁਮਾਰ ਸੋਨੀ ਦੀ ਅਗਵਾਈ 'ਚ ਭਾਜਪਾ ਵਰਕਰਾਂ ਵੱਲੋਂ ਦੇਰ ਸ਼ਾਮ ਕੋਟਲੀ ਸੂਰਤ ਮੱਲ੍ਹੀ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦਾ ਪੁਤਲਾ ਫੂਕ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਵਿਜੇ ਕੁਮਾਰ ਸੋਨੀ ਤੇ ਮਾਸਟਰ ਨੰਦ ਕਿਸ਼ੋਰ ਨੇ ਕਿਹਾ ਕਿ ਰਾਹੁਲ ਗਾਂਧੀ ਵੱਲੋਂ ਅਜਿਹੇ ਸ਼ਬਦਾਂ ਦੀ ਵਰਤੋਂ ਕਰਨਾ ਇਕ ਘਟੀਆ ਸੋਚ ਦਾ ਪ੍ਰਗਟਾਵਾ ਹੈ, ਜਿਸ ਦੀ ਰਾਹੁਲ ਗਾਂਧੀ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਵੱਲੋਂ ਬਿੱਟੂ ਨੂੰ ਬੋਲੇ ਗਏ ਸ਼ਬਦਾਂ ਦਾ ਕਰ ਕੇ ਭਾਜਪਾ ਵਰਕਰਾਂ ਵਿੱਚ ਭਾਰੀ ਗੁੱਸੇ ਦੀ ਲਹਿਰ ਪਾਈ ਜਾ ਰਹੀ ਹੈ।ਇਸ ਮੌਕੇ ਨੌਜਵਾਨ ਆਗੂ ਕਵਲਜੀਤ ਸਿੰਘ ਮੰਮਣ, ਮਲਕੀਤ ਸਿੰਘ ਮੰਮਣ, ਜੋਧਾ ਸਿੰਘ ਮੰਮਣ, ਬਲਵਿੰਦਰ ਕੁਮਾਰ ਧਿਆਨਪੁਰ, ਜਨਕ ਰਾਜ, ਕਾਲਾ ਬੂਟ ਹਾਊਸ ਤੇ ਹੋਰ ਬੀਜੇਪੀ ਪਾਰਟੀ ਦੇ ਵਰਕਰ ਹਾਜ਼ਰ ਸਨ।

# ਵਿਸ਼ਵ ਕੁਸ਼ਟ ਰੋਗ ਮੁਕਤ ਜਾਗਰੂਕਤਾ ਦਿਵਸ ਮਨਾਇਆ



ਗੜਦੀਵਾਲਾ, 6 ਫਰਵਰੀ (ਗੌਰਵ): ਸਿਵਲ ਸਰਜਨ ਹੁਸ਼ਿਆਰਪੁਰ ਡਾ.ਬਲਵੀਰ ਕੁਮਾਰ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾ. ਸੁਦੇਸ਼ ਰਾਜਨ ਮੈਡੀਕਲ ਸਪੈਸ਼ਲਿਸਟ ਜੀ ਦੀ ਪ੍ਰਧਾਨਗੀ ਹੇਠ ਸੀ ਐਚ ਸੀ. ਭੂੰਗਾ ਵਿਖੇ ਵਿਸ਼ਵ ਕੁਸ਼ਟ ਰੋਗ ਮੁਕਤ ਜਾਗਰੂਕਤਾ ਦਿਵਸ ਮਨਾਇਆ ਗਿਆ।ਇਸ ਮੌਕੇ ਡਾ. ਸੁਦੇਸ਼ ਰਾਜਨ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਕੁਸ਼ਟ ਰੋਗ ਇਕ ਲੰਬੀ ਬਿਮਾਰੀ ਹੈ ਜੋ ਕਿ ਮਾਈਕੋ ਬੈਕਟੀਰੀਅਮ ਲੈਪ੍ਰੀ ਨਾਮਕ ਜਿਵਾਣੂ ਕਾਰਣ ਹੁੰਦੀ ਹੈ। ਇਹ ਬਿਮਾਰੀ ਦਾ ਅਸਰ ਮੁਖ ਤੌਰ 'ਤੇ ਮਨੁਖ ਦੇ ਹੱਥ-ਪੈਰ, ਚਮੜੀ, ਨੱਕ ਅਤੇ ਅਖਾਂ 'ਤੇ ਹੁੰਦਾ ਹੈ ।ਇਸ ਦੇ ਕਾਰਨ ਮਾਸਪੇਸ਼ੀਆਂ ਦਾ ਕਮਜ਼ੋਰ ਪੈਣਾ, ਚਮੜੀ ਤੇ ਦਾਣੇਦਾਰ ਉਭਾਰ,ਪੈਰਾਂ ਦੀਆਂ ਉਂਗਲੀਆਂ ਦਾ ਸੁੰਨ ਹੋਣਾ ਅਤੇ ਚਮੜੀ 'ਤੇ ਜਖਮ ਹੋਣਾ, ਮੁੱਖ ਨਿਸ਼ਾਨੀਆਂ ਹਨ।ਇਸ ਰੋਗ ਦੇ ਹੋਣ ਨਾਲ ਵਿਅਕਤੀ ਦੇ ਜਖਮ ਅਸਾਨੀ ਨਾਲ ਠੀਕ ਨਹੀ ਹੁੰਦੇ ਹਨ। ਜੇਕਰ ਕਿਸੇ ਵਿਅਕਤੀ ਦੇ ਚਮੜੀ 'ਤੇ ਹਲਕੇ ਤਾਂਬੇ ਅਤੇ ਪੀਲੇ ਰੰਗ ਦੇ ਦਾਗ ਹੋਣ ਅਤੇ ਇਨ੍ਹਾਂ 'ਤੇ ਤੱਤਾ ਜਾਂ ਠੰਢਾ ਮਹਿਸੂਸ ਨਾ ਹੋਣ 'ਤੇ ਅਜਿਹਾ ਵਿਅਕਤੀ ਨਜ਼ਦੀਕੀ ਸਿਹਤ ਕੇਂਦਰ 'ਤੇ ਸੰਪਰਕ ਕਰੇ ।ਇਸ ਬਿਮਾਰੀ ਦੀ ਦਵਾਈ ਐਮ.ਡੀ.ਟੀ. ਸਰਕਾਰੀ ਸਿਹਤ ਸੰਸਥਾਵਾ ਵਿਚ ਮੁਫਤ ਉਪਲੱਬਧ ਹੈ। ਇਸ ਮੌਕੇ ਜਸਤਿੰਦਰ ਸਿੰਘ ਬੀ.ਈ.ਈ.ਨੇ ਕਿਹਾ ਕਿ ਕੁਸ਼ਟ ਰੋਗ ਨਾ ਤਾਂ ਛੂਤ ਨਾਲ ਫੈਲਦਾ ਹੈ ਅਤੇ ਨਾ ਹੀ ਇਹ ਖਾਨਦਾਨੀ ਹੈ। ਉਨ੍ਹਾਂ ਅਪੀਲ ਕੀਤੀ ਕਿ ਇਹ ਸੁਨੇਹਾ ਘਰ-ਘਰ ਤੱਕ ਪਹੁਚਾਇਆ ਜਾਵੇ ਤਾਂ ਜੋ ਲੋੜਵੰਦ ਲੋਕਾਂ ਨੂੰ ਇਸ ਦਾ ਲਾਭ ਮਿਲ ਸਕੇ ਅਤੇ ਇਸ ਰੋਗ ਨੂੰ ਫੈਲਣ ਤੋਂ ਰੋਕਿਆ ਜਾ ਸਕੇ।ਇਸ ਮੌਕੇ ਅਮਿਤ ਸ਼ਰਮਾ, ਉਮੇਸ਼ ਕੁਮਾਰ, ਗੁਰਦਿਲਜੀਤ ਸਿੰਘ, ਸਮੂਹ ਪੈਰਾਮੈਡੀਕਲ ਸਟਾਫ ਤੇ ਆਮ ਲੋਕ ਹਾਜ਼ਰ ਸਨ

# ਢਾਬ ਖਟੀਕਾ ਜਨਾਨਾ ਹਸਪਤਾਲ ਵਿੱਚ ਸੁਧਾਰ ਕੀਤਾ ਜਾਵੇਗਾ : ਵਿਧਾਇਕ ਡਾ. ਅਜੈ ਗੁਪਤਾ

## ਹਸਪਤਾਲ ਨੂੰ ਇੱਕ ਮਿੰਨ੍ਹੀ ਸਿਵਲ ਹਸਪਤਾਲ ਵਿੱਚ ਬਦਲਿਆ ਜਾਵੇਗਾ: ਸਿਵਲ ਸਰਜਨ



ਅੰਮ੍ਰਿਤਸਰ, 6 ਫਰਵਰੀ (ਗੁਰਦਿਆਲ ਸਿੰਘ) : ਕੇਂਦਰੀ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਕਰਨ ਵਾਲੇ ਵਿਧਾਇਕ ਡਾ. ਅਜੈ ਗੁਪਤਾ ਨੇ ਅੱਜ ਸਿਵਲ ਸਰਜਨ ਡਾ. ਸਤਿੰਦਰਜੀਤ ਸਿੰਘ ਬਜਾਜ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਦੇ ਨਾਲ ਢਾਬ ਖਟੀਕਾ ਖੇਤਰ ਵਿੱਚ ਸਥਿਤ ਜਨਾਨਾ ਹਸਪਤਾਲ ਦਾ ਨਿਰੀਖਣ ਕੀਤਾ। ਵਿਧਾਇਕ ਡਾ. ਗੁਪਤਾ ਨੇ ਕਿਹਾ ਕਿ ਸ਼ਹਿਰ ਦੇ ਦਿਲ ਵਿੱਚ ਸਥਿਤ ਇਸ ਹਸਪਤਾਲ ਵਿੱਚ ਸੁਧਾਰ ਕੀਤਾ ਜਾਵੇਗਾ। ਉਨ੍ਹਾਂ ਭਰੋਸਾ ਦਿੱਤਾ ਕਿ ਮਰੀਜ਼ਾਂ ਨੂੰ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਹਸਪਤਾਲ ਵਿੱਚ ਮੌਜੂਦ ਡਾਕਟਰਾਂ ਅਤੇ ਸਟਾਫ ਨਾਲ ਵਿਸ਼ੇਸ਼ ਗੱਲਬਾਤ ਕੀਤੀ, ਜਿਨ੍ਹਾਂ ਨੇ ਹਸਪਤਾਲ ਦੀ ਵਿਗੜਦੀ ਸੁਰੱਖਿਆ ਸਥਿਤੀ ਬਾਰੇ ਵਿਸਥਾਰ ਵਿੱਚ ਦੱਸਿਆ।ਵਿਧਾਇਕ ਡਾ. ਗੁਪਤਾ ਨੇ ਕਿਹਾ ਕਿ ਉਹ ਅੱਜ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨਾਲ ਮੁਲਾਕਾਤ ਕਰਕੇ ਹਸਪਤਾਲ ਦੇ ਅੰਦਰ ਇੱਕ ਸਥਾਈ ਪੁਲਿਸ ਚੌਕੀ ਸਥਾਪਤ ਕਰਨਗੇ। ਉਨ੍ਹਾਂ ਕਿਹਾ ਕਿ ਇਸ ਚੌਕੀ ਤੇ ਪੁਲਿਸ ਕਰਮਚਾਰੀ ਚੌਵੀ ਘੰਟੇ ਤਾਇਨਾਤ ਰਹਿਣਗੇ। ਉਨ੍ਹਾਂ ਇਹ ਵੀ ਕਿਹਾ ਕਿ ਓਟ ਸੈਂਟਰ ਨੂੰ ਇਸ ਹਸਪਤਾਲ ਤੋਂ ਕਿਸੇ ਹੋਰ ਥਾਂ 'ਤੇ ਤਬਦੀਲ ਕਰ ਦਿੱਤਾ ਜਾਵੇਗਾ।ਵਿਧਾਇਕ ਡਾ. ਗੁਪਤਾ ਨੇ ਸਿਵਲ ਸਰਜਨ ਡਾ. ਸਤਿੰਦਰਜੀਤ ਸਿੰਘ ਬਜਾਜ ਨੂੰ ਹਸਪਤਾਲ ਵਿੱਚ ਗਾਇਨੀਕੋਲੋਜੀ, ਮੈਡੀਕਲ, ਡੈਂਟਲ ਅਤੇ ਸਰਜੀਕਲ ਪ੍ਰਕਿਰਿਆਵਾਂ ਲਈ ਮਾਹਰ ਡਾਕਟਰ ਨਿਯੁਕਤ ਕਰਨ ਲਈ ਕਿਹਾ। ਉਨ੍ਹਾਂ ਇਹ ਵੀ ਕਿਹਾ ਕਿ ਡਾਕਟਰਾਂ ਨੂੰ ਲੋੜੀਂਦੇ ਸਾਰੇ ਡਾਕਟਰੀ ਯੰਤਰ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਹਸਪਤਾਲ ਦੀ ਕੈਮਿਸਟ ਦੁਕਾਨ ਤੇ ਹਰ ਤਰ੍ਹਾਂ ਦੀਆਂ ਦਵਾਈਆਂ ਮੁਫ਼ਤ ਉਪਲੱਬਧ ਕਰਵਾਈਆਂ ਜਾਣਗੀਆਂ। ਇਸ ਤੋਂ ਇਲਾਵਾ, ਸਾਰੇ ਟੈਸਟ ਮੁਫ਼ਤ ਕੀਤੇ ਜਾਣਗੇ ਤਾਂ ਜੋ ਮਰੀਜ਼ਾਂ ਨੂੰ ਕੋਈ ਸਮੱਸਿਆ ਨਾ ਆਵੇ।ਵਿਧਾਇਕ ਡਾ.ਗੁਪਤਾ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਹਸਪਤਾਲ ਦਾ ਪੂਰੀ ਤਰ੍ਹਾਂ ਨਵੀਨੀਕਰਨ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਮੁਰੰਮਤ ਲੱਗਭੱਗ 50 ਲੱਖ ਰੁਪਏ ਦੀ ਲਾਗਤ ਨਾਲ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਖਰਾਬ ਹੋਈਆਂ ਛੱਤਾਂ, ਕੰਧਾਂ ਅਤੇ ਫਰਸ਼ਾਂ ਦੀ ਮੁਰੰਮਤ ਕੀਤੀ ਜਾਵੇਗੀ। ਟਾਇਲਟ ਸੈੱਟਾਂ ਦੀ ਮੁਰੰਮਤ ਕੀਤੀ ਜਾਵੇਗੀ, ਨਾਲ ਹੀ ਰੋਸ਼ਨੀ ਵੀ ਕੀਤੀ ਜਾਵੇਗੀ ਅਤੇ ਹਸਪਤਾਲ ਨੂੰ ਪੇਂਟ ਦਾ ਨਵਾਂ ਕੋਟ ਵੀ ਦਿੱਤਾ ਜਾਵੇਗਾ। ਉਨ੍ਹਾਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਟੈਂਡਰ ਜਾਰੀ ਕਰਨ ਅਤੇ ਜਲਦੀ ਤੋਂ ਜਲਦੀ ਕੰਮ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ।ਇਸ ਮੌਕੇ ਸਿਵਲ ਸਰਜਨ ਡਾ. ਸਤਿੰਦਰਜੀਤ ਸਿੰਘ ਬਜਾਜ ਨੇ ਕਿਹਾ ਕਿ ਜਿਵੇਂ ਕਿ ਵਿਧਾਇਕ ਡਾ. ਅਜੇ ਗੁਪਤਾ ਨੇ ਕਿਹਾ, ਅੰਮ੍ਰਿਤਸਰ ਦਾ ਵਾਲਡ ਸਿਟੀ ਸ਼ਹਿਰ ਦਾ ਸਭ ਤੋਂ ਪੁਰਾਣਾ ਹਸਪਤਾਲ ਹੈ। ਉਨ੍ਹਾਂ ਕਿਹਾ ਕਿ ਇਸ ਹਸਪਤਾਲ ਨੂੰ ਇੱਕ ਮਿੰਨੀ ਸਿਵਲ ਹਸਪਤਾਲ ਵਿੱਚ ਬਦਲ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸਿਵਲ ਹਸਪਤਾਲ ਵਿੱਚ ਸਾਰੀਆਂ ਸਹੂਲਤਾਂ ਉਪਲੱਬਧ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਹਸਪਤਾਲ ਵਿੱਚ ਹੋਰ ਮਾਹਰ ਡਾਕਟਰ ਨਿਯੁਕਤ ਕੀਤੇ ਜਾਣਗੇ। ਇਸ ਮੌਕੇ ਕੌਂਸਲਰ ਵਿੱਕੀ ਦੱਤਾ, ਰਵਿੰਦਰ ਸਿੰਘ ਡਾਵਰ, ਦੀਪਕ ਵੋਹਰਾ, ਰਿਸ਼ੀ ਕੰਬੋਜ, ਦੀਪਕ ਚੱਢਾ, ਮਨਜੀਤ ਸਿੰਘ, ਨਗਰ ਨਿਗਮ ਦੇ ਐਸਡੀਓ ਗੁਰਪ੍ਰੀਤ ਸਿੰਘ ਅਤੇ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਲੰਟੀਅਰ ਮੌਜੂਦ ਸਨ।

# ਹੋਮ ਗਾਰਡਜ਼ ਜਵਾਨਾਂ ਨੇ ਸਿੱਖੇ ਸੁਰੱਖਿਆ ਗੁਰ



ਬਟਾਲਾ, ਕਾਦੀਆਂ, 6 ਫਰਵਰੀ (ਡਾਕਟਰ ਨਰਿੰਦਰ ਸਿੰਘ ਘੁਮਾਣ/ਸਿਕੰਦਰ ਸੰਧੂ): ਸਥਾਨਕ ਬਟਾਲੀਅਨ ਹੈੱਡ ਕੁਆਟਰ ਨੰਬਰ 2 ਪੰਜਾਬ ਹੋਮ ਗਾਰਡਜ਼ ਵਿਖੇ ਸੰਜੀਵ ਕਾਲੜਾ ਡਾਇਰੈਕਟਰ ਜਰਨਲ ਆਫ ਪੁਲਿਸ, ਪੰਜਾਬ ਹੋਮ ਗਾਰਡਜ਼ ਅਤੇ ਡਾਇਰੈਕਟਰ ਸਿਵਲ ਡਿਫੈਂਸ ਪੰਜਾਬ ਅਤੇ ਐਡੀਸ਼ਨਲ ਕਮਾਡੈਂਟ ਜਨਰਲ ਹਰਮਨਜੀਤ ਸਿੰਘ,ਡਵੀਜਨਲ ਕਮਾਡੈਂਟ ਅਨਿਲ ਕੁਮਾਰ ਪ੍ਰਥੀ ਜਲੰਧਰ ਦੇ ਨਿਰਦੇਸ਼ਾਂ ਅਨੁਸਾਰ ਅਤੇ ਬਟਾਲੀਅਨ ਕਮਾਂਡੈਂਟ ਮਨਪ੍ਰੀਤ ਸਿੰਘ ਰੰਧਾਵਾ ( ਪ੍ਰੈਜ਼ੀਡੈਂਟ ਐਵਾਰਡੀ-2 ਵਾਰ ) ਦੀ ਅਗਵਾਈ ਵਿਚ ਕੈਂਪ ਲਗਾਏ ਗਏ। ਸਟਾਫ ਅਫ਼ਸਰ ਜਤਿੰਦਰ ਸਿੰਘ ਰੰਧਾਵਾ, ਇੰਦਰਜੀਤ ਸਿੰਘ ਮੱਲੀ, ਨਵਜੀਤ ਸਿੰਘ, ਕਰਮਜੀਤ ਸਿੰਘ, ਨਰਿੰਦਰ ਸਿੰਘ ਪੁਲਿਸ ਲਾਈਨ 'ਤੇ ਪੋਸਟ ਵਾਰਡਨ ਹਰਬਖਸ਼ ਸਿੰਘ ਸਿਵਲ ਡਿਫੈਂਸ ਦੇ ਨਾਲ ਜਵਾਨ ਹਾਜ਼ਰ ਸਨ।ਇਹਨਾਂ ਦਿਨਾਂ ਦੌਰਾਨ ਪੋਸਟ ਵਾਰਡਨ ਹਰਬਖਸ਼ ਸਿੰਘ ਵੱਲੋਂ ਜਾਵਨਾਂ ਨੂੰ ਨਾਗਰਿਕ ਸੁਰੱਖਿਆ, ਰਾਸ਼ਟਰੀ ਸਹਾਇਤਾ ਨੰਬਰ 112 ਤੇ 1033, ਸੜਕ ਸੁਰੱਖਿਆ, ਭੁਚਾਲ ਮੌਕੇ ਕੀ ਕਰੀਏ-ਕੀ ਨਾ ਕਰੀਏ, ਸਿਹਤ ਸੰਭਾਲ, ਪ੍ਰਾਇਮਰੀ ਫਾਇਰ ਸੇਫਟੀ, ਕੁਦਰਤੀ ਅਤੇ ਗੈਰ-ਕੁਦਰਤੀ ਆਫਤਾਂ, ਘਰੇਲੂ ਗੈਸ ਸੁਰੱਖਿਆਂ ਐਮਰਜੈਂਸੀ ਸਥਿਤੀਆਂ ਨਾਲ ਨਜਿੱਠਣਾਂ ਆਪਣੀ ਸੁਰੱਖਿਆ ਕਰਦੇ ਹੋਏ ਰਾਹਤ ਕਾਰਜਾਂ ਵਿੱਚ ਹਿੱਸਾ ਲੈਣਾ ਆਦਿ ਬਾਰੇ ਦੱਸਿਆ ਗਿਆ।ਆਖਰੀ ਦਿਨ ਅੱਗ ਸੁਰੱਖਿਆ ਤਹਿਤ ਵੱਖ ਵੱਖ ਅੱਗ ਬੁਝਾਊ ਯੰਤਰਾਂ ਬਾਰੇ ਦਸਿਆ ਤੇ ਜਵਾਨਾਂ ਪਾਸੋ ਪ੍ਰਾਇਮਰੀ ਮੌਕ ਡਰਿਲ ਕਰਵਾਈ ਗਈ।

# ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਕਿਸਾਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰ ਸੰਘਰਸ਼ ਦਾ ਐਲਾਨ ਕੀਤਾ



ਅੰਮ੍ਰਿਤਸਰ, 6 ਫਰਵਰੀ (ਬਬਲੂ ਮਹਾਜਨ): ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਕਿਸਾਨ ਜਥੇਬੰਦੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਕੇ ਸੰਘਰਸ਼ ਦਾ ਬਿਗਲ ਵਜਾਇਆ। ਇਸ ਮੌਕੇ ਪੰਜਾਬ ਦੀਆਂ ਪ੍ਰਮੁੱਖ ਕਿਸਾਨ ਜਥੇਬੰਦੀਆਂ ਅਤੇ ਵਿਸ਼ੇਸ਼ ਤੌਰ 'ਤੇ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਅਤੇ ਹਰਜਿੰਦਰ ਸਿੰਘ ਲੱਖੋਵਾਲ ਸ਼ਾਮਲ ਹੋਏ। ਇਸ ਮੌਕੇ ਕਿਸਾਨ ਆਗੂਆਂ ਨੇ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਹੁਣ ਵੀ ਪੰਜਾਬ ਦੇ ਲੋਕ ਨਾ ਜਾਗੇ ਤਾਂ ਆਉਣ ਵਾਲੀਆਂ ਨਸਲਾਂ ਬਿਮਾਰੀਆਂ ਅਤੇ ਬੰਜਰ ਜ਼ਮੀਨ ਦੇ ਰੂਪ ਵਿਚ ਵੱਡੀ ਸਜ਼ਾ ਭੁਗਤਣਗੀਆਂ। ਬਲਬੀਰ ਸਿੰਘ ਰਾਜੇਵਾਲ ਨੇ ਪੰਜਾਬ ਦੇ ਪਾਣੀਆਂ ਦੇ ਇਤਿਹਾਸਕ ਪੱਖਾਂ 'ਤੇ ਚਾਨਣਾ ਪਾਉਂਦਿਆ ਕਿਹਾ ਕਿ ਪੰਜਾਬ ਦਾ ਪਾਣੀ ਗੈਰ-ਸੰਵਿਧਾਨਕ ਤਰੀਕੇ ਨਾਲ ਅਤੇ ਗਲਤ ਸਮਝੌਤਿਆਂ ਰਾਹੀਂ ਉਨ੍ਹਾਂ ਰਾਜਾਂ ਨੂੰ ਦਿੱਤਾ ਗਿਆ ਹੈ, ਜੋ ਦਰਿਆਈ ਸਰਹੱਦ ਵਾਲੇ ਸਟੇਟਸ ਵੀ ਨਹੀਂ ਹਨ। ਉਨ੍ਹਾਂ ਦੋਸ਼ ਲਾਇਆ ਕਿ 1948 ਤੋਂ ਲੈ ਕੇ ਹੁਣ ਤੱਕ ਕੇਂਦਰ ਸਰਕਾਰਾਂ ਨੇ ਪੰਜਾਬ ਦੀ ਲੀਡਰਸ਼ਿਪ 'ਤੇ ਦਬਾਅ ਪਾ ਕੇ ਅਜਿਹੇ ਸਮਝੌਤੇ ਕਰਵਾਏ, ਜਿਨ੍ਹਾਂ ਨੂੰ ਕਦੇ ਵੀ ਪੰਜਾਬ ਵਿਧਾਨ ਸਭਾ ਨੇ ਪਾਸ ਨਹੀਂ ਕੀਤਾ। ਕਿਸਾਨ ਆਗੂਆਂ ਨੇ ਪਾਣੀ ਦੇ ਪ੍ਰਦੂਸ਼ਨ ਵੱਲ ਧਿਆਨ ਦਿਵਾਉਂਦਿਆਂ ਕਿਹਾ ਕਿ ਵੱਡੀਆਂ ਉਦਯੋਗਿਕ ਇਕਾਈਆਂ ਜ਼ਮੀਨ ਹੇਠਲਾ ਪਾਣੀ ਗੰਦਾ ਕਰ ਰਹੀਆਂ ਹਨ। ਰਿਪੋਰਟਾਂ ਅਨੁਸਾਰ ਪੰਜਾਬ ਵਿੱਚ ਕੈਂਸਰ ਦੀ ਦਰ ਤੇਜ਼ੀ ਨਾਲ ਵੱਧ ਰਹੀ ਹੈ ਅਤੇ ਜੇਕਰ ਇਹ ਹਾਲਾਤ ਜਾਰੀ ਰਹੇ ਤਾਂ ਅਗਲੇ ਚਾਰ ਸਾਲਾਂ ਵਿੱਚ ਪੰਜਾਬ ਦੇ ਹਰ ਘਰ ਵਿਚ ਕੇਂਸਰ ਦਾ ਮਰੀਜ਼ ਹੋਵੇਗਾ। ਇਸ ਮੌਕੇ ਜਾਗੋ ਪੰਜਾਬ ਮੁਹਿੰਮ ਤਹਿਤ ਕਿਸਾਨਾਂ ਨੇ ਕਸਮ ਖਾਧੀ ਕਿ ਉਹ ਪੰਜਾਬ ਦੀ ਧਰਤੀ ਨੂੰ ਬੰਜਰ ਹੋਣ ਤੋਂ ਬਚਾਉਣਗੇ। ਉਨ੍ਹਾਂ ਐਲਾਨ ਕੀਤਾ ਕਿ ਹੁਣ ਉਹ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕਰਨਗੇ ਅਤੇ ਛੋਟੀਆਂ ਕਾਨਫਰੰਸਾਂ ਕੀਤੀਆਂ ਜਾਣਗੀਆਂ। ਮਾਰਚ ਦੇ ਅਖੀਰ ਵਿਚ ਇਕ ਵਿਸ਼ਾਲ ਰੈਲੀ ਕਰਕੇ ਸਰਕਾਰ ਨੂੰ ਮਜਬੂਰ ਕੀਤਾ ਜਾਵੇਗਾ ਕਿ ਪੰਜਾਬ ਦੇ ਪਾਣੀਆਂ ਤੇ ਮਾਲਕੀ ਹੱਕ ਵਾਪਸ ਦਿੱਤੇ ਜਾਣ ਅਤੇ ਸਾਰੀਆਂ ਗਲਤ ਧਾਰਾਵਾਂ ਨੂੰ ਰੱਦ ਕੀਤਾ ਜਾਵੇ। ਇਸ ਮੌਕੇ 'ਤੇ ਹਰਿੰਦਰ ਸਿੰਘ ਲੱਖੋਵਾਲ ਸੂਬਾ ਪ੍ਰਧਾਨ ਬੀ.ਕੇ.ਯੂ ਲੱਖੋਵਾਲ ਸੇਵਾਮੁਕਤ ਬ੍ਰਿਗੇਡੀਅਰ ਸ. ਇੰਦਰ ਮੋਹਨ ਸਿੰਘ ਇੰਡੀਅਨ ਆਰਮੀ ਵੈਟਰਨ ਫੁਰਮਾਨ ਸਿੰਘ ਸੂਬਾ ਪ੍ਰਧਾਨ ਬੀ.ਕੇ.ਯੂ ਪੰਜਾਬ ਕੰਵਲਪ੍ਰੀਤ ਸਿੰਘ ਪੰਨੂ ਸੂਬਾ ਪ੍ਰਧਾਨ ਕੇ.ਐਸ.ਸੀ ਪੰਨੂ ਗਰੁੱਪ ਉਮਰਾਜ ਸਿੰਘ ਧਰਦੇਓ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਬੀ.ਕੇ.ਯੂ ਰਾਜੇਵਾਲ ਅਮਰੀਕ ਸਿੰਘ ਵਾਰਪਾਲ ਸੂਬਾ ਮੀਤ ਪ੍ਰਧਾਨ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਸਤਨਾਮ ਸਿੰਘ ਸੂਬਾ ਪ੍ਰਧਾਨ ਬੀ.ਕੇ.ਯੂ ਮਜ਼ੈਲ ਹਰਜਿੰਦਰ ਸਿੰਘ ਟਾਂਡਾ ਸੂਬਾ ਪ੍ਰਧਾਨ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਅਤੇ ਹੋਰ ਆਗੂ ਹਾਜ਼ਰ ਸਨ

# ਜ਼ਿਲ੍ਹਾ ਕਾਂਗਰਸ ਕਮੇਟੀ ਦੀ ਮੀਟਿੰਗ ਭਲਕੇ : ਰਾਮਗੜ੍ਹ

ਫ਼ਤਿਹਗੜ੍ਹ ਸਾਹਿਬ, 6 ਫਰਵਰੀ (ਨਰਿੰਦਰ ਸਿੰਘ): ਜ਼ਿਲ੍ਹਾ ਕਾਂਗਰਸ ਕਮੇਟੀ ਫ਼ਤਿਹਗੜ੍ਹ ਸਾਹਿਬ ਦੇ ਪ੍ਰਧਾਨ ਸੁਰਿੰਦਰ ਸਿੰਘ ਰਾਮਗੜ੍ਹ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਕਾਂਗਰਸ ਕਮੇਟੀ ਦੀ ਮਹੱਤਵਪੂਰਨ ਮੀਟਿੰਗ ਮਿਤੀ 8 ਫਰਵਰੀ (ਐਤਵਾਰ) ਨੂੰ ਦੁਪਹਿਰ 3 ਵਜੇ ਕਰਤਾਰ ਕੰਪਲੈਕਸ, ਫ਼ਤਿਹਗੜ੍ਹ ਸਾਹਿਬ ਵਿਖੇ ਆਯੋਜਿਤ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਇਸ ਮੀਟਿੰਗ ਵਿੱਚ ਆਲ ਇੰਡੀਆ ਕਾਂਗਰਸ ਕਮੇਟੀ ਦੀ ਸਕੱਤਰ ਅਤੇ ਪੰਜਾਬ ਮਾਮਲਿਆਂ ਦੀ ਸਹਿ-ਇੰਚਾਰਜ ਹੀਨਾ ਕਾਵਰੇ, ਲੋਕ ਸਭਾ ਹਲਕਾ ਫ਼ਤਿਹਗੜ੍ਹ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਡਾ. ਅਮਰ ਸਿੰਘ, ਕਾਕਾ ਰਣਦੀਪ ਸਿੰਘ ਨਾਭਾ, ਕੁਲਜੀਤ ਸਿੰਘ ਨਾਗਰਾ ਸਮੇਤ ਜ਼ਿਲ੍ਹੇ ਦੀ ਸਮੁੱਚੀ ਕਾਂਗਰਸੀ ਲੀਡਰਸ਼ਿਪ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰੇਗੀ।ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਇਸ ਮੀਟਿੰਗ ਦੌਰਾਨ ਪਾਰਟੀ ਦੀ ਮੌਜੂਦਾ ਰਾਜਨੀਤਿਕ ਸਥਿਤੀ, ਸੰਗਠਨ ਦੀ ਮਜ਼ਬੂਤੀ, ਬੂਥ ਪੱਧਰ 'ਤੇ ਕਾਂਗਰਸ ਨੂੰ ਹੋਰ ਮਜ਼ਬੂਤ ਕਰਨ ਅਤੇ ਆਉਣ ਵਾਲੇ ਸਮੇਂ ਵਿੱਚ ਪਾਰਟੀ ਵੱਲੋਂ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਵਰਕਰਾਂ ਦੀਆਂ ਸਮੱਸਿਆਵਾਂ ਸੁਣ ਕੇ ਉਨ੍ਹਾਂ ਦੇ ਹੱਲ ਲਈ ਠੋਸ ਰਣਨੀਤੀ ਤਿਆਰ ਕੀਤੀ ਜਾਵੇਗੀ ਅਤੇ ਕਾਂਗਰਸ ਪਾਰਟੀ ਨੂੰ ਲੋਕਾਂ ਦੀ ਆਵਾਜ਼ ਬਣਾਉਣ ਲਈ ਅਗਲੇ ਪ੍ਰੋਗਰਾਮਾਂ ਦੀ ਰੂਪਰੇਖਾ ਤੈਅ ਕੀਤੀ ਜਾਵੇਗੀ।

# ਗੁਰਦਾਸਪੁਰ ਪੁਲਿਸ ਵੱਲੋਂ ਹੈਰੋਇਨ ਸਮੇਤ 6 ਦੋਸ਼ੀ ਗ੍ਰਿਫ਼ਤਾਰ



ਗੁਰਦਾਸਪੁਰ, 6 ਫਰਵਰੀ (ਜਗੀਰ ਸਿੰਘ ਮੰਡ) :ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਐਲਾਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਅਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਜੀ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾ ਅਨੁਸਾਰ ਥਾਣਾ ਕਲਾਨੌਰ ਵਿਖੇ ਬਲਦੇਵ ਮਸੀਹ ਨੂੰ ਕਾਬੂ ਕਰਕੇ ਉਸ ਪਾਸੋਂ 06 ਗ੍ਰਾਮ 30 ਮਿਲੀਗ੍ਰਾਮ ਹੈਰੋਇਨ ਬ੍ਰਾਮਦ ਕੀਤੀ, ਜਿਸ 'ਤੇ ਦੋਸ਼ੀ ਦੇ ਖ਼ਿਲਾਫ਼ ਮੁਕੱਦਮਾ ਬਾ-ਜੁਰਮ 21(ਬੀ)-61- ਥਾਣਾ ਕਲਾਨੌਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਥਾਣਾ ਸਿਟੀ ਗੁਰਦਾਸਪੁਰ ਵਿਖੇ ਅਭੀ ਨੂੰ ਕਾਬੂ ਕਰਕੇ ਉਸ ਪਾਸੋ 07 ਗ੍ਰਾਮ ਹੈਰੋਇੰਨ ਬ੍ਰਾਮਦ ਕੀਤੀ ਗਈ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21-61-85 ਥਾਣਾ ਸਿਟੀ ਗੁਰਦਾਸਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਥਾਣਾ ਸਦਰ ਗੁਰਦਾਸਪੁਰ ਵਿਖੇ ਲਾਡੀ ਮਸੀਹ ਨੂੰ ਕਾਬੂ ਕਰਕੇ ਉਸ ਪਾਸੋਂ 06 ਗ੍ਰਾਮ ਹੈਰੋਇੰਨ ਬ੍ਰਾਮਦ ਕੀਤੀ ਗਈ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਬੀ)-61-85 ਥਾਣਾ ਸਦਰ ਗੁਰਦਾਸਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਥਾਣਾ ਤਿੱਬੜ ਵਿਖੇ ਅਜੇ ਕੁਮਾਰ ਨੂੰ ਕਾਬੂ ਕਰਕੇ ਉਸ ਪਾਸੋਂ 08 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਬੀ)-61-85 ਥਾਣਾ ਤਿੱਬੜ ਵਿਖੇ ਦਰਜ ਰਜਿਸਟਰ ਕੀਤਾ ਗਿਆ। ਥਾਣਾ ਬਹਿਰਾਮਪੁਰ ਵਿਖੇ ਰਾਹੁਲ ਕੁਮਾਰ ਨੂੰ ਕਾਬੂ ਕਰਕੇ ਉਸ ਪਾਸੋ 06 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ, ਜਿਸ ਤੇ ਦੋਸ਼ੀ ਦੇ ਖ਼ਿਲਾਫ਼ ਮੁਕੱਦਮਾ ਬਾ-ਜੁਰਮ 21(ਬੀ)-61-85 ਥਾਣਾ ਬਹਿਰਾਮਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਥਾਣਾ ਪੁਰਾਣਾ ਸ਼ਾਲਾ ਵਿਖੇ ਜਤਿੰਦਰ ਸਿੰਘ ਨੂੰ ਕਾਬੂ ਕਰਕੇ ਉਸ ਪਾਸੋਂ 05 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ, ਜਿਸ 'ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਬੀ)-61-85 ਥਾਣਾ ਪੁਰਾਣਾ ਸ਼ਾਲਾ ਵਿਖੇ ਦਰਜ ਰਜਿਸਟਰ ਕੀਤਾ ਗਿਆ।ਸ੍ਰੀ ਆਦਿੱਤਯ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਵਸਨੀਕਾ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਿਸ ਨੂੰ ਦਿੱਤੀ ਜਾਵੇ, ਗੈਰ-ਕਾਨੂੰਨੀ/ਨਸ਼ਿਆ ਦਾ ਕਾਰੋਬਾਰ ਵਿੱਚ ਸ਼ਾਮਿਲ ਵਿਅਕਤੀਆਂ ਦੇ ਖਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਸ਼ਿਆ ਦੇ ਕਾਰੋਬ1ਾਰ ਨੂੰ ਜੜ੍ਹ ਤੋਂ ਖਤਮ ਕਰਨ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜ਼ਿਲ੍ਹਾ ਗੁਰਦਾਸਪੁਰ ਦੀ ਪੁਲਿਸ ਪੂਰੀ ਤਰ੍ਹਾਂ ਵਚਨਬੱਧ ਹੈ।

# ਕੁਲਦੀਪ ਸਿੰਘ ਧਾਲੀਵਾਲ ਨੇ ਸਰਬ ਸੰਮਤੀ ਨਾਲ ਚੁਣੀਆਂ ਪੰਚਾਇਤਾਂ ਨੂੰ ਵੰਡੇ 5-5 ਲੱਖ ਦੇ ਚੈੱਕ



ਅਜਨਾਲਾ, 6 ਫਰਵਰੀ (ਸੁਖਦੇਵ ਸਿੰਘ ਖਾਲਸਾ): ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਹੀ ਪਿੰਡਾਂ ਵਿੱਚ ਵਿਕਾਸ ਦੀਆਂ ਨਵੀਂਆਂ ਪੁਲਾਘਾਂ ਪੁੱਟੀਆਂ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਅਜਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਆਪਣੇ ਹਲਕੇ ਦੇ ਅੱਠ ਪਿੰਡਾਂ ਬਿਕਰਾਊਰ, ਬਰਲਾਸ, ਹਾਸ਼ਮਪੁਰਾ, ਸੈਦਪੁਰ ਖੁਰਦ, ਸ਼ਾਲੀਵਾਲ, ਸ਼ੇਖ ਭੱਟੀ, ਸੈਦੋਗਾਜੀ ਅਤੇ ਪੰਜਗਰਾਈਂ ਨਿੱਜਰਾਂ ਦੀਆਂ ਸਰਬ ਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ 5-5 ਲੱਖ ਰੁਪਏ ਦੇ ਚੈੱਕ ਦੇਣ ਸਮੇਂ ਕੀਤਾ। ਇਸ ਮੌਕੇ ਗੱਲ ਕਰਦਿਆਂ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬੀਆਂ ਨਾਲ ਵਾਅਦਾ ਕੀਤਾ ਸੀ ਕਿ ਸਰਬ ਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ 5-5 ਲੱਖ ਰੁਪਏ ਦੀ ਰਾਸ਼ੀ ਇਨਾਮ ਵਜੋਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਆਪਣਾ ਵਾਅਦਾ ਪੂਰਾ ਕਰਦਿਆਂ ਹਲਕਾ ਅਜਨਾਲਾ ਦੇ ਕਰੀਬ 46 ਪਿੰਡਾਂ ਨੂੰ 2 ਕਰੋੜ 30 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਨਾਂ ਪਿੰਡਾਂ ਦੇ ਵਾਸੀਆਂ ਨੇ ਸਰਬ ਸੰਮਤੀ ਨਾਲ ਆਪਣੇ ਪਿੰਡਾਂ ਦੀ ਪੰਚਾਇਤ ਦੀ ਚੋਣ ਕੀਤੀ ਸੀ ਜਿਸ ਤਹਿਤ ਇਨ੍ਹਾਂ ਨੂੰ ਰਾਜ ਸਰਕਾਰ ਵੱਲੋਂ 5-5 ਲੱਖ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਗਈ ਹੈ। ਧਾਲੀਵਾਲ ਨੇ ਕਿਹਾ ਕਿ ਇਹ ਰਾਸ਼ੀ ਪੰਚਾਇਤਾਂ ਆਪਣੀ ਮਰਜ਼ੀ ਨਾਲ ਪਿੰਡਾਂ ਦੇ ਵਿਕਾਸ 'ਤੇ ਖਰਚ ਸਕਦੀਆਂ ਹਨ। ਉਨਾਂ ਦੱਸਿਆ ਕਿ ਇਹ ਰਾਸ਼ੀ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਕਾਫ਼ੀ ਕਾਰਗਾਰ ਸਾਬਿਤ ਹੋਵੇਗੀ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਸਾਲ 2026 ਨੂੰ ਵਿਕਾਸ ਵਰ੍ਹੇ ਵਜੋਂ ਮਨਾਇਆ ਜਾ ਰਿਹਾ ਹੈ ਅਤੇ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਹੋਰ ਵੀ ਗ੍ਰਾਂਟਾਂ ਦਿੱਤੀਆਂ ਜਾਣਗੀਆਂ। ਸ: ਧਾਲੀਵਾਲ ਨੇ ਕਿਹਾ ਕਿ ਅਸੀਂ ਚੋਣਾਂ ਦੌਰਾਨ ਜੋ ਵੀ ਗਰੰਟੀਆਂ ਸੂਬਾ ਵਾਸੀਆਂ ਨਾਲ ਕੀਤੀਆਂ ਸਨ, ਉਸਨੂੰ ਪੂਰਾ ਕਰ ਰਹੇ ਹਾਂ।

# ਸ਼੍ਰੋਮਣੀ ਕਮੇਟੀ ਨੇ ਸ੍ਰੀ ਆਖੰਡ ਪਾਠ ਸਾਹਿਬ ਦੀ ਭੇਟਾ 13 ਹਜ਼ਾਰ ਰੁਪਏ ਕੀਤੀ



ਅੰਮ੍ਰਿਤਸਰ, 6 ਫਰਵਰੀ (ਬਬਲੂ ਮਹਾਜਨ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਪ੍ਰਬੰਧ ਅਧੀਨ ਆਉਂਦੇ ਇਤਿਹਾਸਕ ਅਸਥਾਨਾਂ 'ਤੇ ਸੰਗਤਾਂ ਵੱਲੋਂ ਵੱਖ-ਵੱਖ ਅਸਥਾਨਾਂ 'ਤੇ ਰਖਵਾਏ ਜਾਂਦੇ ਸ੍ਰੀ ਆਖੰਡ ਪਾਠ ਸਾਹਿਬ ਦੀ ਭੇਟਾ 13 ਹਜ਼ਾਰ ਰੁਪਏ ਕਰ ਦਿੱਤੀ ਹੈ। ਇਹ ਭੇਟਾ ਤਕਰੀਬਨ 2 ਸਾਲ ਪਹਿਲਾਂ 11 ਹਜ਼ਾਰ ਰੁਪਏ ਕੀਤੀ ਸੀ, ਜਦ ਕਿ ਇਸ ਫਰਵਰੀ ਤੋਂ ਇਹ ਭੇਟਾ 13 ਹਜ਼ਾਰ ਰੁਪਏ ਕਰ ਦਿੱਤੀ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਹ ਭੇਟਾ ਸਮੇਂ-ਸਮੇਂ ਸਿਰ ਵਧਾਈ ਜਾਂਦੀ ਹੈ, ਇਸ ਨਾਲ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਨਿਭਾਉਣ ਵਾਲੇ ਆਖੰਡ ਪਾਠੀ ਸਿੰਘਾਂ ਦਾ ਸੇਵਾ ਫਲ ਵੀ ਵਧਾਇਆ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਅਧੀਨ ਜਿੱਥੇ ਸ੍ਰੀ ਅਖੰਡ ਪਾਠ ਸਾਹਿਬ ਹੁੰਦੇ ਹਨ ਉੱਥੇ 8 ਅਖੰਡ ਪਾਠੀ ਸੇਵਾ ਨਿਭਾਉਂਦੇ ਹਨ, ਜਿਨ੍ਹਾਂ ਦੀ ਭੇਟਾ 9200 ਤੋਂ 9600 ਕੀਤੀ ਹੈ। ਬਾਕੀ ਪ੍ਰਬੰਧ ਵਿੱਚ 6 ਆਖੰਡ ਪਾਠੀ ਸਿੰਘ ਸੇਵਾ ਨਿਭਾਉਂਦੇ ਹਨ, ਉਨ੍ਹਾਂ ਨੂੰ 7200 ਸੇਵਾ ਫਲ ਦਿੱਤਾ ਜਾਂਦਾ ਹੈ ਅਤੇ ਇਨ੍ਹਾਂ ਨਾਲ 2 ਧੂਫੀਏ ਵੀ ਡਿਊਟੀ ਨਿਭਾਉਂਦੇ ਹਨ, ਜਿਨ੍ਹਾਂ ਨੂੰ ਇਕ-ਇਕ ਹਜਾਰ ਰੁਪਏ ਸੇਵਾ ਫਲ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਆਖੰਡ ਪਾਠ ਸਾਹਿਬ ਦੀ ਭੇਟਾ 2 ਸਾਲ ਬਾਅਦ ਵਧਾਈ ਗਈ ਹੈ ਜਦ ਕਿ ਪਾਠੀ ਸਿੰਘਾਂ ਨੂੰ ਹਰ ਸਾਲ ਸੇਵਾ ਫਲ ਵਧਾ ਕੇ ਦਿੱਤਾ ਜਾਂਦਾ ਹੈ। ਇਸ ਭੇਟਾ ਵਿਚ ਰਾਗੀ ਜਥੇ, ਰੁਮਾਲਾ ਸਾਹਿਬ ਅਤੇ ਤਿੰਨ ਸਮੇਂ ਕੜਾਹ ਪ੍ਰਸ਼ਾਦਿ ਦੀ ਦੇਗ ਵੀ ਸ਼ਾਮਲ ਹੁੰਦੀ ਹੈ। ਹੋਰ ਸਟਾਫ, ਰੱਖ ਰਖਾਵ ਅਤੇ ਬਿਜਲੀ ਦੇ ਖਰਚੇ ਵੀ ਪੈਂਦੇ ਹਨ। ਉਨ੍ਹਾਂ ਕਿਹਾ ਕਿ ਸੰਗਤਾਂ ਦੀਆਂ ਸਹੂਲਤਾਂ ਨੂੰ ਵੀ ਹਮੇਸ਼ਾ ਧਿਆਨ ਵਿਚ ਰੱਖਿਆ ਜਾਂਦਾ ਹੈ। ਇਥੇ ਇਹ ਵੀ ਦਸਣਯੋਗ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਸ੍ਰੀ ਅਕਾਲ ਤਖਤ ਸਾਹਿਬ, ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ, ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ ਜੀ ਸ਼ਹੀਦ, ਗੁਰਦੁਆਰਾ ਸ੍ਰੀ ਥੜਾ ਸਾਹਿਬ, ਗੁਰਦੁਆਰਾ ਸ੍ਰੀ ਝੰਡਾ ਬੁੰਗਾ ਸਾਹਿਬ, ਗੁਰਦੁਆਰਾ ਬੇਰ ਬਾਬਾ ਬੁੱਢਾ ਸਾਹਿਬ ਜੀ, ਗੁਰਦੁਆਰਾ ਸ੍ਰੀ ਦੁੱਖ ਭੰਜਨੀ ਸਾਹਿਬ, ਗੁਰਦੁਆਰਾ ਸ਼ਹੀਦ ਬੁੰਗਾ ਸਾਹਿਬ, ਗੁਰਦੁਆਰਾ ਲਾਚੀ ਬੇਰੀ ਸਾਹਿਬ, ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ, ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਆਦਿ 150 ਦੇ ਕਰੀਬ ਅਸਥਾਨਾਂ 'ਤੇ ਸ੍ਰੀ ਆਖੰਡ ਪਾਠ ਸਾਹਿਬ ਚਲਦੇ ਹਨ। ਇਸੇ ਤਰਾਂ ਪੰਜਾਬ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਚ ਸ੍ਰੀ ਆਖੰਡ ਪਾਠ ਸਾਹਿਬ ਚਲਦੇ ਹਨ, ਜਿੱਥੇ ਸੰਗਤਾਂ ਨੂੰ ਪਾਠ ਕਰਵਾਉਣ ਲਈ ਤਿੰਨ ਸਾਲ ਤੱਕ ਦਾ ਲੰਮਾਂ ਇੰਤਜਾਰ ਕਰਨਾ ਪੈਂਦਾ ਹੈ।

# ਮਹਾਂ ਸ਼ਿਵਰਾਤਰੀ ਉਤਸਵ 15 ਤੱਕ

ਰਾਹੋਂ, 6 ਫਰਵਰੀ (ਸੰਜੀਵ ਕੁਮਾਰ ਬੌਬੀ): ਨਿਊ ਸ਼ਿਵਰਾਤਰੀ ਪ੍ਰਬੰਧਕ ਕਮੇਟੀ ਤੇ ਜੋਗੀ ਦੇ ਸੇਵਾਦਾਰ ਕਲੱਬ ਅਤੇ ਸ਼ਿਵਰਾਤਰੀ ਉਤਸਵ ਕਮੇਟੀ ਵੱਲੋਂ ਸਾਂਝੇ ਤੌਰ 'ਤੇ ਸਮੂਹ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਮਹਾਂ ਸ਼ਿਵਰਾਤਰੀ ਉਤਸਵ 6 ਫਰਵਰੀ ਤੋਂ 15 ਫਰਵਰੀ ਤੱਕ ਸ਼ਰਧਾ ਪੂਰਵਕ ਮਨਾਇਆ ਜਾਏਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਨਰੇਸ਼ ਪ੍ਰਭਾਕਰ ਤੇ ਪਾਵਨ ਸ਼ਰਮਾ ਨੇ ਦੱਸਿਆ ਕਿ 6 ਫਰਵਰੀ ਤੋਂ 12 ਫਰਵਰੀ ਤੱਕ ਸਿੱਧ ਬਾਬਾ ਬਾਲਕ ਨਾਥ ਮੰਦਰ ਮੇਨ ਬਾਜ਼ਾਰ ਰਾਹੋਂ ਤੋਂ ਸਵੇਰੇ 3 ਵਜੇ ਸ਼ਿਵ ਭੋਲੇਨਾਥ ਦੀ ਪ੍ਰਭਾਤ ਫੇਰੀ ਕੱਢੀ ਜਾਵੇਗੀ ਅਤੇ 13 ਫਰਵਰੀ ਦਿਨ ਸ਼ੁਕਰਵਾਰ ਸ਼ਾਮ 7 ਵਜੇ ਪਰਚੀਨ ਸ਼ਿਵ ਮੰਦਿਰ ਚੌਂਕ ਪਟੂਆਂ ਰਾਹੋ ਤੋਂ ਭੋਲੇਨਾਥ ਦੀ ਵਿਸ਼ਾਲ ਜਾਗੋ ਡੀਜੇ ਦੇ ਨਾਲ ਕੱਢੀ ਜਾਏਗੀ ਵੱਖ ਵੱਖ ਮਹੱਲਿਆਂ ਤੋਂ ਨਿਕਲੇਗੀ, ਜਿੱਥੇ ਸ਼ਰਧਾਲੂਆਂ ਵੱਲੋਂ ਤਰ੍ਹਾਂ ਤਰ੍ਹਾਂ ਦੇ ਸਟਾਲ ਪ੍ਰਸ਼ਾਦ ਲਗਾਏ ਜਾਣਗੇ ਤੇ ਆਖਰ ਇਹ ਜਾਗੋ ਦੁਬਾਰੇ ਵਾਲੇ ਖੂਹ ਸ਼ਿਵ ਮੰਦਿਰ ਮਹਲਾ ਸਰਾਫਾ ਵਿਖੇ ਸਮਾਪਤ ਹੋਵੇਗੀ। ਜਿੱਥੇ ਸ਼ਰਧਾਲੂਆਂ ਲਈ ਵਿਸ਼ਾਲ ਲੰਗਰ ਚਲਾਇਆ ਜਾਏਗਾ ਅਤੇ 14 ਫਰਵਰੀ ਦਿਨ ਸ਼ਨੀਵਾਰ ਸਵੇਰੇ 11 ਵਜੇ ਸਿੱਧ ਬਾਬਾ ਬਾਲਕ ਨਾਥ ਮੰਦਰ ਮੇਨ ਬਾਜ਼ਾਰ ਤੋਂ ਸ਼ਿਵ ਭੋਲੇ ਨਾਥ ਦੀ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਜਾਵੇਗੀ ਅਤੇ 15 ਫਰਵਰੀ ਦਿਨ ਐਤਵਾਰ ਮਹਾਂ ਸ਼ਿਵਰਾਤਰੀ ਵਾਲੇ ਦਿਨ ਪਰਚੀਨ ਸ਼ਿਵ ਮੰਦਿਰ ਚੌਂਕ ਪਟੂਆ ਰਾਹੋ ਅਤੇ ਸਿੱਧ ਬਾਬਾ ਬਾਲਕ ਨਾਥ ਮੰਦਰ ਮੇਨ ਬਾਜ਼ਾਰ ਵਿਖੇ ਭੋਲੇਨਾਥ ਦਾ ਮਹਾਂ ਸ਼ਿਵਰਾਤਰੀ ਉਤਸਵ ਮਨਾਇਆ ਜਾਏਗਾ। ਤਰ੍ਹਾਂ ਤਰ੍ਹਾਂ ਦੇ ਪ੍ਰਸ਼ਾਦ ਵਰਤਾਏ ਜਾਣਗੇ ਅਟੁੱਟ ਲੰਗਰ ਚਲਾਏ ਜਾਣਗੇ।1

# ਨੌਜਵਾਨ ਪੀੜ੍ਹੀ ਦੀ ਪਸੰਦ 'ਚ ਬਦਲਾਅ : ਵਿਰਾਸਤੀ ਗਹਿਣਿਆਂ ਅਤੇ ਰਵਾਇਤੀ ਸ਼ੈਲੀ ਵੱਲ ਮੁੜਦਾ ਰੁਝਾਨ



ਇਸ ਸਦੀ ਦੀ ਤੇਜ਼ੀ ਨਾਲ ਬਦਲਦੀ ਜੀਵਨ ਸ਼ੈਲੀ ਦੇ ਨਾਲ ਲੰਘੇ ਸਮੇਂ 'ਤੇ ਝਾਤ ਮਾਰੀਏ ਤਾਂ ਪਿਛਲੇ ਦਹਾਕੇ ਤੱਕ ਫੈਸ਼ਨ ਦਾ ਅਰਥ ਵੱਡੇ ਬ੍ਰਾਂਡ, ਮਹਿੰਗੇ ਟੈਗ ਅਤੇ ਭਾਰੀ ਟੈਗ ਹੁੰਦਾ ਸੀ। ਹਾਲਾਂਕਿ ਤਸਵੀਰ ਤੇਜ਼ੀ ਨਾਲ ਬਦਲ ਰਹੀ ਹੈ। ਅੱਜ ਦੇ ਨੌਜਵਾਨ ਮਹਿੰਗੇ ਬ੍ਰਾਂਡ ਵਾਲੇ ਗਹਿਣਿਆਂ ਨਾਲੋਂ ਆਪਣੀਆਂ ਦਾਦੀਆਂ - ਨਾਨੀਆਂ ਦੇ ਪੁਰਾਣੇ ਗਹਿਣਿਆਂ ਜਾਂ ਸਮਾਨ ਰਵਾਇਤੀ ਕਾਰੀਗਰੀ ਵਾਲੇ ਗਹਿਣਿਆਂ ਨੂੰ ਵਧੇਰੇ ਤਰਜੀਹ ਦੇ ਰਹੇ ਹਨ। ਇਹ ਤਬਦੀਲੀ ਸਿਰਫ ਫੈਸ਼ਨ ਦਾ ਪ੍ਰਤੀਬਿੰਬ ਨਹੀਂ ਹੈ ਬਲਕਿ ਸੋਚ, ਸੰਵੇਦਨਾਵਾਂ ਅਤੇ ਜੀਵਨ ਸ਼ੈਲੀ ਦਾ ਪ੍ਰਤੀਬਿੰਬ ਵੀ ਹੈ।ਉਦਯੋਗ ਰੁਝਾਨ ਰਿਪੋਰਟਾਂ ਅਤੇ ਫੈਸ਼ਨ ਅਤੇ ਗਹਿਣਿਆਂ ਦੇ ਬਾਜ਼ਾਰਾਂ ਦੇ ਹਾਲੀਆ ਵਿਸ਼ਲੇਸ਼ਣ ਦਰਸਾਉਂਦੇ ਹਨ ਕਿ ਨਵੀਂ ਪੀੜ੍ਹੀ ਲਈ ਗਹਿਣੇ ਹੁਣ ਸੋਨੇ ਅਤੇ ਹੀਰਿਆਂ ਦੀ ਕੀਮਤ ਤੱਕ ਸੀਮਿਤ ਨਹੀਂ ਰਹਿ ਗਏ। ਮਾਹਿਰਾਂ ਦਾ ਮੰਨਣਾ ਹੈ ਕਿ ਵਿਰਾਸਤੀ ਗਹਿਣਿਆਂ ਵਿੱਚ ਪਰਿਵਾਰਕ ਇਤਿਹਾਸ, ਭਾਵਨਾਵਾਂ ਅਤੇ ਪਿਛਲੀਆਂ ਪੀੜ੍ਹੀਆਂ ਦੀਆਂ ਯਾਦਾਂ ਜੁੜੀਆਂ ਹੁੰਦੀਆਂ ਹਨ, ਜੋ ਇਸਨੂੰ ਯਾਦਗਾਰੀ ਅਤੇ ਵਿਲੱਖਣ ਬਣਾਉਂਦੀਆਂ ਹਨ। ਇਹੀ ਕਾਰਨ ਹੈ ਕਿ ਨੌਜਵਾਨ ਹੁਣ ਉਹ ਗਹਿਣੇ ਚਾਹੁੰਦੇ ਹਨ ਜੋ ਉਹ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਮਾਣ ਨਾਲ ਪਹਿਨ ਸਕਣ, ਨਾ ਕਿ ਵਿਆਹਾਂ ਲਈ ਲਾਕਰ ਵਿੱਚ ਬੰਦ।ਇਹ ਰੁਝਾਨ ਗਹਿਣਿਆਂ ਤੱਕ ਸੀਮਿਤ ਨਹੀਂ ਹੈ ਸਗੋਂ ਇਹੀ ਭਾਵਨਾ ਕੱਪੜਿਆਂ ਅਤੇ ਹੋਰ ਫੈਸ਼ਨ ਵਸਤੂਆਂ ਵਿੱਚ ਵੀ ਸ਼ਾਮਲ ਹੋ ਰਹੀ ਹੈ। ਨੌਜਵਾਨ ਹੁਣ ਆਪਣੀ ਦਾਦੀ ਦੀ ਸਾੜੀ, ਆਪਣੀ ਨਾਨੀ ਦਾ ਫੁਲਕਾਰੀ ਵਾਲਾ ਦੁਪੱਟਾ, ਆਪਣੀ ਮਾਂ ਦੀ ਪੁਰਾਣੀ ਬਨਾਰਸੀ ਸਾੜੀ ਜਾਂ ਆਪਣੇ ਹੱਥ ਨਾਲ ਬੁਣੇ ਹੋਏ ਕਸ਼ਮੀਰੀ ਸ਼ਾਲ ਨੂੰ ਆਧੁਨਿਕ ਪਹਿਰਾਵੇ ਨਾਲ ਜੋੜ ਰਹੇ ਹਨ। ਹਾਲਾਂਕਿ ਰਵਾਇਤੀ ਕਢਾਈ, ਹੈਂਡਲੂਮ ਫੈਬਰਿਕ, ਬਲਾਕ ਪ੍ਰਿੰਟ, ਖਾਦੀ, ਅਤੇ ਹੱਥ ਨਾਲ ਬਣੇ ਕੱਪੜੇ ਇੱਕ ਵਾਰ ਫਿਰ ਫੈਸ਼ਨ ਦੀ ਮੁੱਖ ਧਾਰਾ ਵਿੱਚ ਵਾਪਸ ਆ ਰਹੇ ਹਨ। ਤੇਜ਼ ਫੈਸ਼ਨ ਦੇ ਯੁੱਗ ਵਿੱਚ ਜਿੱਥੇ ਕੱਪੜੇ ਅਤੇ ਸਹਾਇਕ ਐਸਸਰੀਜ਼ ਕੁਝ ਮਹੀਨਿਆਂ ਵਿੱਚ ਪੁਰਾਣੀ ਹੋ ਜਾਂਦੀ ਹੈ , ਵਿਰਾਸਤੀ ਗਹਿਣੇ, ਰਵਾਇਤੀ ਟੈਕਸਟਾਈਲ ਅਤੇ ਹੱਥ ਨਾਲ ਬਣੇ ਸਮਾਨ ਸਾਲਾਂ ਤੱਕ ਆਪਣੀ ਚਮਕ ਅਤੇ ਪ੍ਰਸੰਗਿਕਤਾ ਨੂੰ ਬਰਕਰਾਰ ਰੱਖਦੇ ਹਨ। ਗੁੰਝਲਦਾਰ ਹੱਥ-ਕੰਧ, ਸਥਾਨਕ ਸ਼ਿਲਪਕਾਰੀ ਅਤੇ ਸੀਮਤ-ਐਡੀਸ਼ਨ ਦੇ ਟੁਕੜੇ ਹੁਣ ਮਸ਼ੀਨ ਦੁਆਰਾ ਬਣਾਏ ਇਕਸਾਰ ਡਿਜ਼ਾਈਨਾਂ ਨਾਲੋਂ ਵਧੇਰੇ ਪ੍ਰਸ਼ੰਸਾ ਪ੍ਰਾਪਤ ਕਰ ਰਹੇ ਹਨ।ਦਿਲਚਸਪ ਗੱਲ ਇਹ ਹੈ ਕਿ ਨਵੇਂ ਅਤੇ ਆਧੁਨਿਕ ਕੱਪੜਿਆਂ ਨਾਲ ਵਿੰਟੇਜ ਗਹਿਣੇ ਪਹਿਨਣਾ ਅੱਜ ਇੱਕ ਪ੍ਰਮੁੱਖ ਸਟਾਈਲ ਸਟੇਟਸ ਸਿੰਬਲ ਬਣ ਗਿਆ ਹੈ। ਪੱਛਮੀ ਪਹਿਰਾਵੇ ਨਾਲ ਵਿੰਟੇਜ ਹਾਰ, ਜੀਨਸ ਅਤੇ ਕੁੜਤਿਆਂ ਨਾਲ ਰਵਾਇਤੀ ਬਰੇਸਲੇਟ ਜਾਂ ਆਧੁਨਿਕ ਸਾੜੀਆਂ ਨਾਲ ਵਿੰਟੇਜ ਨੱਕ ਦੀਆਂ ਮੁੰਦਰੀਆਂ ਪਹਿਨਣਾ ਨੌਜਵਾਨ ਪੀੜ੍ਹੀ ਦੀ ਨਵੀਂ ਪਛਾਣ ਬਣ ਰਿਹਾ ਹੈ। ਇਹ ਰੁਝਾਨ ਫੁੱਟਵੀਅਰ, ਬੈਗ ਅਤੇ ਘਰੇਲੂ ਸਜਾਵਟ ਦੀਆਂ ਚੀਜ਼ਾਂ ਵਿੱਚ ਵੀ ਦਿਖਾਈ ਦੇ ਰਿਹਾ ਹੈ, ਜਿੱਥੇ ਲੋਕ ਰਵਾਇਤੀ ਅਤੇ ਟਿਕਾਊ ਚੀਜ਼ਾਂ ਨੂੰ ਤਰਜੀਹ ਦੇ ਰਹੇ ਹਨ ਜਿਸ ਵਿੱਚ ਪੰਜਾਬੀ ਫੁਲਕਾਰੀ ਅਤੇ ਪੱਗਾਂ ਵੀ ਸ਼ਾਮਲ ਹਨ।ਕੁੱਲ ਮਿਲਾ ਕੇ ਨੌਜਵਾਨ ਪੀੜ੍ਹੀ ਹੁਣ ਦਿੱਖ ਨਾਲੋਂ ਪ੍ਰਮਾਣਿਕਤਾ, ਕਹਾਣੀ ਸੁਣਾਉਣ ਅਤੇ ਟਿਕਾਊਪਣ ਨੂੰ ਮਹੱਤਵ ਦਿੰਦੀ ਹੈ। ਉਨ੍ਹਾਂ ਲਈ ਫੈਸ਼ਨ ਹੁਣ ਸਿਰਫ਼ ਰੁਝਾਨਾਂ ਦੀ ਪਾਲਣਾ ਕਰਨ ਦਾ ਸਾਧਨ ਨਹੀਂ ਹੈ ਸਗੋਂ ਆਪਣੀਆਂ ਜੜ੍ਹਾਂ, ਵਿਰਾਸਤ ਅਤੇ ਪਛਾਣ ਨਾਲ ਜੁੜਨ ਦਾ ਸਾਧਨ ਹੈ। ਇਹ ਬਦਲਾਅ ਫੈਸ਼ਨ, ਗਹਿਣਿਆਂ ਅਤੇ ਜੀਵਨ ਸ਼ੈਲੀ ਦੀ ਦੁਨੀਆ ਵਿੱਚ ਇੱਕ ਨਵੇਂ ਅਤੇ ਵਧੇਰੇ ਅਰਥਪੂਰਨ ਯੁੱਗ ਦੀ ਸ਼ੁਰੂਆਤ ਦਾ ਸੰਕੇਤ ਦਿੰਦਾ ਹੈ।



ਮੋਹਿਤ ਸਿੰਗਲਾ
90412-95900.

# ਵਿਧਾਇਕ ਰੁਪਿੰਦਰ ਸਿੰਘ ਹੈਪੀ ਦੇ ਯਤਨਾਂ ਸਦਕਾ ਗਰੀਬ ਦਾ ਸਮੇਂ ਤੇ ਹੋਇਆ ਇਲਾਜ



ਫ਼ਤਿਹਗੜ੍ਹ ਸਾਹਿਬ, 6 ਫਰਵਰੀ (ਹਰਪ੍ਰੀਤ ਕੌਰ ਟਿਵਾਣਾ)ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਹਲਕਾ ਬਸੀ ਪਠਾਣਾ ਦੇ ਪਿੰਡ ਰਾਮਗੜ੍ਹ ਦੇ ਇੱਕ ਗਰੀਬ ਪਰਿਵਾਰ ਲਈ ਵਰਦਾਨ ਸਾਬਿਤ ਹੋਈ ਹੈ। ਇਸ ਯੋਜਨਾ ਦੀ ਵਰਤੋਂ ਨਾਲ ਸੜਕ ਹਾਦਸੇ ਵਿੱਚ ਜਖਮੀ ਹੋਏ ਅਮਰਜੀਤ ਸਿੰਘ ਦਾ ਇਲਾਜ ਬਿਲਕੁਲ ਮੁਫਤ ਕੀਤਾ ਗਿਆ ਹੈ। ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਦੱਸਿਆ ਕਿ ਅਮਰਜੀਤ ਸਿੰਘ ਸੜਕ ਹਾਦਸੇ ਦੌਰਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਸਨ, ਜਿਸ ਤੋਂ ਬਾਅਦ ਉਨ੍ਹਾਂ ਨੂੰ ਤੁਰੰਤ ਇਕ ਨਿੱਜੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਇਲਾਜ ਦੌਰਾਨ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਲਾਭ ਲਿਆ ਗਿਆ, ਜਿਸ ਨਾਲ ਲੱਖਾਂ ਰੁਪਏ ਦੇ ਮਹਿੰਗੇ ਇਲਾਜ ਦਾ ਸਾਰਾ ਖਰਚਾ ਸਰਕਾਰ ਵੱਲੋਂ ਕਵਰ ਕੀਤਾ ਗਿਆ ਹੈ। ਸਫ਼ਲ ਇਲਾਜ ਤੋਂ ਬਾਅਦ ਪੀੜਤ ਪਰਿਵਾਰ ਵੱਲੋਂ ਪੰਜਾਬ ਸਰਕਾਰ ਅਤੇ ਹਲਕਾ ਵਿਧਾਇਕ ਰੁਪਿੰਦਰ ਸਿੰਘ ਹੈਪੀ ਦਾ ਧੰਨਵਾਦ ਕੀਤਾ ਗਿਆ। ਵਿਧਾਇਕ ਰੁਪਿੰਦਰ ਸਿੰਘ ਹੈਪੀ ਖੁਦ ਅਮਰਜੀਤ ਸਿੰਘ ਦੇ ਘਰ ਪਹੁੰਚੇ ਅਤੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ। ਉਨ੍ਹਾਂ ਨੇ ਪਰਿਵਾਰ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿਵਾਇਆ। ਵਿਧਾਇਕ ਹੈਪੀ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਆਮ ਲੋਕਾਂ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ।ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਪੰਜਾਬ ਵਿੱਚ ਰਹਿੰਦੇ ਹਰ ਯੋਗ ਪਰਿਵਾਰ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਸਿਹਤ ਬੀਮਾ ਕਵਰ ਦਿੱਤਾ ਜਾ ਰਿਹਾ ਹੈ।

# ਕਾਂਗਰਸ ਮਹਿਲਾ ਵਰਕਰਾਂ ਵੱਲੋਂ ਰਵਨੀਤ ਬਿੱਟੂ ਦਾ ਪੁਤਲਾ ਫੂਕ ਕੇ ਤਿੱਖਾ ਰੋਸ



ਅੰਮ੍ਰਿਤਸਰ, 6 ਫਰਵਰੀ (ਬਬਲੂ ਮਹਾਜਨ ) : ਅੰਮ੍ਰਿਤਸਰ ਦੇ ਹਾਲਗੇਟ ਦੇ ਬਾਹਰ ਅੱਜ ਕਾਂਗਰਸ ਦੀਆਂ ਮਹਿਲਾਵਾਂ ਵੱਲੋਂ ਰਵਨੀਤ ਸਿੰਘ ਬਿੱਟੂ ਦੇ ਖ਼ਿਲਾਫ਼ ਤਿੱਖਾ ਰੋਸ ਪ੍ਰਦਰਸ਼ਨ ਕੀਤਾ ਗਿਆ। ਇਹ ਪ੍ਰਦਰਸ਼ਨ ਕਾਂਗਰਸ ਦੀ ਸਾਬਕਾ ਜ਼ਿਲ੍ਹਾ ਪ੍ਰਧਾਨ ਜਤਿੰਦਰ ਸੋਨੀਆ ਦੀ ਅਗਵਾਈ ਹੇਠ ਕੀਤਾ ਗਿਆ, ਜਿਸ ਦੌਰਾਨ ਮਹਿਲਾ ਵਰਕਰਾਂ ਨੇ ਰਵਨੀਤ ਬਿੱਟੂ ਦਾ ਪੁਤਲਾ ਫੂਕ ਕੇ ਆਪਣਾ ਗੁੱਸਾ ਜਾਹਿਰ ਕੀਤਾ। ਪ੍ਰਦਰਸ਼ਨ ਦੌਰਾਨ ਕਾਂਗਰਸ ਵਰਕਰਾਂ ਨੇ ਬੀਜੇਪੀ ਅਤੇ ਰਵਨੀਤ ਬਿੱਟੂ ਦੇ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ। ਮੀਡੀਆ ਨਾਲ ਗੱਲਬਾਤ ਕਰਦਿਆਂ ਜਤਿੰਦਰ ਸੋਨੀਆ ਨੇ ਕਿਹਾ ਕਿ ਰਾਹੁਲ ਗਾਂਧੀ ਵੱਲੋਂ ਦਿੱਤੇ ਬਿਆਨ ਨੂੰ ਬੀਜੇਪੀ ਜਾਣ ਬੁੱਝ ਕੇ ਗਲਤ ਤਰੀਕੇ ਨਾਲ ਪੇਸ਼ ਕਰ ਰਹੀ ਹੈ। ਉਹਨਾਂ ਸਪਸ਼ਟ ਕੀਤਾ ਕਿ ਰਾਹੁਲ ਗਾਂਧੀ ਨੇ ਕਿਸੇ ਵੀ ਸਿੱਖ ਸਮੁਦਾਇ ਬਾਰੇ ਕੋਈ ਵੀ ਅਪਮਾਨਜਨਕ ਟਿੱਪਣੀ ਨਹੀਂ ਕੀਤੀ, ਸਗੋਂ ਸਿਰਫ਼ ਰਵਨੀਤ ਸਿੰਘ ਬਿੱਟੂ ਨੂੰ ਹੀ ਗਦਾਰ ਕਿਹਾ ਗਿਆ ਸੀ। ਜਤਿੰਦਰ ਸੋਨੀਆ ਨੇ ਆਰੋਪ ਲਗਾਇਆ ਕਿ ਰਵਨੀਤ ਬਿੱਟੂ ਨੇ ਕਾਂਗਰਸ ਪਾਰਟੀ ਨਾਲ ਗਦਾਰੀ ਕੀਤੀ ਹੈ, ਜਿਸ ਕਰਕੇ ਰਾਹੁਲ ਗਾਂਧੀ ਨੇ ਉਸਨੂੰ ਗਦਾਰ ਕਿਹਾ। ਉਹਨਾਂ ਕਿਹਾ ਕਿ ਬੀਜੇਪੀ ਇਸ ਮਾਮਲੇ ਨੂੰ ਸਿੱਖਾਂ ਦਾ ਮੁੱਦਾ ਬਣਾ ਕੇ ਲੋਕਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਕਿ ਬਿਲਕੁਲ ਗਲਤ ਅਤੇ ਨਿੰਦਨਯੋਗ ਹੈ। ਜਤਿੰਦਰ ਸੋਨੀਆ ਅਨੁਸਾਰ ਬੀਜੇਪੀ ਦੀ ਇਹ ਰਣਨੀਤੀ ਸਿਰਫ਼ ਰਾਜਨੀਤਕ ਲਾਭ ਲਈ ਹੈ ਅਤੇ ਇਸ ਨਾਲ ਸਮਾਜ ਵਿੱਚ ਫੁਟ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਰਵਨੀਤ ਬਿੱਟੂ ਦੇ ਅੰਮ੍ਰਿਤਸਰ ਦੌਰੇ ਦੌਰਾਨ ਵੀ ਕਾਂਗਰਸ ਵੱਲੋਂ ਜ਼ਬਰਦਸਤ ਅਤੇ ਲੋਕਤੰਤਰਿਕ ਤਰੀਕੇ ਨਾਲ ਵਿਰੋਧ ਕੀਤਾ ਜਾਵੇਗਾ। ਕਾਂਗਰਸ ਮਹਿਲਾਵਾਂ ਨੇ ਚੇਤਾਵਨੀ ਦਿੱਤੀ ਕਿ ਉਹ ਪਾਰਟੀ ਅਤੇ ਸਿੱਖ ਸਮੁਦਾਇ ਦੇ ਸਨਮਾਨ ਨਾਲ ਕੋਈ ਸਮਝੌਤਾ ਨਹੀਂ ਕਰਨਗੀਆਂ।

## ਰੋਜ਼ਾਨਾ ਚੜ੍ਹਦੀਕਲਾ ਸਿਹਤ ਖ਼ਬਰਨਾਮਾ

# ਸੇਂਧਾ ਨਮਕ ਦੇ 2 ਨੁਸਖੇ, ਜ਼ੁਕਾਮ-ਗਲੇ ਦੀ ਖਰਾਸ਼ ਦੀ ਕਰ ਦੇਣਗੇ ਛੁੱਟੀ

ਬਜ਼ੁਰਗਾਂ ਦਾ ਕਹਿਣਾ ਹੈ ਕਿ ਸਰਦੀਆਂ ਦਾ ਆਉਣਾ ਤੇ ਜਾਣਾ ਕਾਫ਼ੀ ਮੁਸ਼ਕਲ ਹੁੰਦਾ ਹੈ। ਪਿਛਲੇ ਕੁਝ ਦਿਨਾਂ ਤੋਂ ਮੌਸਮ ਵਿਗੜ ਰਿਹਾ ਹੈ। ਕਦੇ ਪਾਰਾ ਵਧ ਰਿਹਾ ਹੈ ਤੇ ਕਦੇ ਘੱਟ ਇਸ ਬਦਲਦੇ ਮੌਸਮ



ਵਿਚ ਲੋਕ ਜ਼ੁਕਾਮ, ਖੰਘ ਅਤੇ ਗਲੇ ਵਿੱਚ ਖਰਾਸ਼ ਦਾ ਜ਼ਿਆਦਾ ਸ਼ਿਕਾਰ ਹੁੰਦੇ ਹਨ। ਬੱਚੇ ਖਾਸ ਕਰਕੇ ਜ਼ੁਕਾਮ ਅਤੇ ਫਲੂ ਤੋਂ ਪ੍ਰੇਸ਼ਾਨ ਹਨ। ਜੇ ਤੁਸੀਂ ਵੀ ਗਲੇ ਵਿੱਚ ਖਰਾਸ਼, ਕਫ, ਖੰਘ ਅਤੇ ਫਲੂ ਦਾ ਅਨੁਭਵ ਕਰ ਰਹੇ ਹੋ, ਤਾਂ ਸੇਂਧਾ ਨਮਕ ਦੀ ਵਰਤੋਂ ਕਰਕੇ ਇਸ ਪ੍ਰਭਾਵਸ਼ਾਲੀ ਘਰੇਲੂ ਉਪਾਅ ਨੂੰ ਅਜ਼ਮਾਓ। ਸੇਂਧਾ ਨਮਕ ਨੂੰ ਆਯੁਰਵੇਦ ਵਿੱਚ ਇੱਕ ਪ੍ਰਭਾਵਸ਼ਾਲੀ ਦਵਾਈ ਵਜੋਂ ਵੀ ਵਰਤਿਆ ਜਾਂਦਾ ਹੈ।

**ਪਹਿਲਾ ਉਪਾਅ:** 1 ਚਮਚ ਗਾਂ ਦਾ ਘਿਓ ਲਓ ਅਤੇ ਇਸਨੂੰ ਥੋੜ੍ਹਾ ਜਿਹਾ ਗਰਮ ਕਰੋ। ਹੁਣ ਇਸ ਘਿਓ ਵਿੱਚ ਅੱਧਾ ਚਮਚ ਪੀਸਿਆ ਹੋਇਆ ਸੇਂਧਾ ਨਮਕ ਪਾਓ। ਨਮਕ ਅਤੇ ਘਿਓ ਮਿਲਾਓ ਅਤੇ ਜਦੋਂ ਇਹ ਕੋਸਾ ਹੋ ਜਾਵੇ, ਤਾਂ ਇਸਨੂੰ ਪ੍ਰਭਾਵਿਤ ਵਿਅਕਤੀ ਦੇ ਤਲੀਆਂ, ਪਿੱਠ ਅਤੇ ਛਾਤੀ 'ਤੇ ਰਗੜੋ। ਇਸ ਤੋਂ ਬਾਅਦ ਸਰੀਰ ਨੂੰ ਗਰਮ ਕੱਪੜਿਆਂ ਨਾਲ ਢੱਕੋ ਅਤੇ ਜੁਰਾਬਾਂ ਪਾਓ। ਇਸ ਨਾਲ ਸਰੀਰ ਵਿੱਚ ਜਮ੍ਹਾ ਹੋਇਆ ਬਲਗਮ ਢਿੱਲਾ ਹੋ ਜਾਵੇਗਾ ਅਤੇ ਦੂਰ ਹੋ ਜਾਵੇਗਾ। ਇਸ ਨਾਲ ਸਰਦੀ ਅਤੇ ਖੰਘ ਤੋਂ ਬਹੁਤ ਰਾਹਤ ਮਿਲੇਗੀ।

**ਦੂਜਾ ਉਪਾਅ** - ਜੇ ਤੁਹਾਨੂੰ ਬਹੁਤ ਜ਼ਿਆਦਾ ਖੰਘ ਆ ਰਹੀ ਹੈ ਜਾਂ ਗਲੇ ਵਿੱਚ ਖਰਾਸ਼ ਹੈ, ਤਾਂ ਇਸਦੇ ਲਈ 1 ਚਮਚ ਸ਼ਹਿਦ ਨੂੰ ਥੋੜ੍ਹਾ ਜਿਹਾ ਗਰਮ ਕਰੋ। ਹੁਣ ਸ਼ਹਿਦ ਵਿੱਚ ਅੱਧਾ ਚਮਚ ਸੇਂਧਾ ਨਮਕ ਮਿਲਾਓ। ਇਸ ਨੂੰ ਆਪਣੀ ਉਂਗਲੀ ਨਾਲ ਥੋੜ੍ਹਾ-ਥੋੜ੍ਹਾ ਕਰਕੇ ਚੱਟਦੇ ਰਹੋ। ਜਦੋਂ ਤੁਸੀਂ ਇਸ ਨੂੰ ਪੂਰੀ ਤਰ੍ਹਾਂ ਖਾ ਲਓ, ਤਾਂ 10 ਮਿੰਟ ਬਾਅਦ ਬਲੈਕ ਟੀ, ਕਾਲੀ ਕੌਫੀ ਜਾਂ ਗਰਮ ਪਾਣੀ ਪੀਓ। ਇਸ ਨਾਲ ਗਲੇ ਦੀ ਖਰਾਸ਼ ਅਤੇ ਖੰਘ ਤੋਂ ਤੁਰੰਤ ਰਾਹਤ ਮਿਲੇਗੀ। ਇਸ ਉਪਾਅ ਨੂੰ ਦਿਨ ਵਿੱਚ ਦੋ ਵਾਰ ਕਰਨ ਨਾਲ ਤੁਹਾਡੇ ਗਲੇ ਵਿੱਚ ਜਮ੍ਹਾ ਹੋਇਆ ਬਲਗ਼ਮ ਦੂਰ ਹੋ ਜਾਵੇਗਾ। ਇਸ ਨਾਲ ਤੁਹਾਨੂੰ ਤੁਰੰਤ ਰਾਹਤ ਮਿਲੇਗੀ ਅਤੇ ਜ਼ੁਕਾਮ ਅਤੇ ਖੰਘ ਦਾ ਪ੍ਰਭਾਵ ਘੱਟ ਹੋਣਾ ਸ਼ੁਰੂ ਹੋ ਜਾਵੇਗਾ।

# ਹਰਿਆਣਾ ਵਿੱਚ ਤਰਜੀਹੀ ਖੇਤਰ ਕਰਜ਼ਾ ਦੇਣ ਦੀ ਸੰਭਾਵਨਾ 3.67 ਲੱਖ ਕਰੋੜ ਤੱਕ ਪਹੁੰਚੀ, ਨਾਬਾਰਡ ਨੇ ਸਟੇਟ ਫੋਕਸ ਪੇਪਰ ਕੀਤਾ ਜਾਰੀ

## ਖੇਤੀਬਾੜੀ ਨੂੰ ਲਾਭਦਾਇਕ ਬਣਾਏ ਬਿਨਾਂ ਪੇਂਡੂ ਖੁਸ਼ਹਾਲੀ ਅਸੰਭਵ: ਨਾਇਬ ਸਿੰਘ ਸੈਣੀ

ਚੰਡੀਗੜ੍ਹ, 6 ਫਰਵਰੀ (ਚ.ਨ.ਸ.) : ਨਾਬਾਰਡ ਦੁਆਰਾ ਆਯੋਜਿਤ ਰਾਜ ਪੱਧਰੀ ਕ੍ਰੈਡਿਟ ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਨੇ ਦੇਸ਼ ਦੀ ਖੁਰਾਕ ਸੁਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਬਦਲਦੇ ਸਮੇਂ ਦੇ ਨਾਲ, ਖੇਤੀਬਾੜੀ ਅਤੇ ਪੇਂਡੂ ਅਰਥਵਿਵਸਥਾ ਨੂੰ ਕਈ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ, ਜਿਨ੍ਹਾਂ ਵਿੱਚ ਭੂਮੀਗਤ ਪਾਣੀ ਦੇ ਪੱਧਰ ਵਿੱਚ ਗਿਰਾਵਟ, ਮਿੱਟੀ ਦੀ ਸਿਹਤ ਵਿੱਚ ਵਿਗੜਦੀ ਗਿਰਾਵਟ, ਜਲਵਾਯੂ ਪਰਿਵਰਤਨ ਅਤੇ ਵਧਦੀ ਉਤਪਾਦਨ ਲਾਗਤ ਸ਼ਾਮਲ ਹਨ। ਇਨ੍ਹਾਂ ਚੁਣੌਤੀਆਂ ਨੂੰ ਰਵਾਇਤੀ ਤਰੀਕਿਆਂ ਨਾਲ ਨਹੀਂ, ਸਗੋਂ ਨਵੀਨਤਾ, ਤਕਨਾਲੋਜੀ ਅਤੇ ਸੰਸਥਾਗਤ ਵਿੱਤੀ ਸਹਾਇਤਾ ਰਾਹੀਂ ਹੱਲ ਕੀਤਾ ਜਾ ਸਕਦਾ ਹੈ।

ਇਸ ਮੌਕੇ 'ਤੇ, ਮੁੱਖ ਮੰਤਰੀ ਨੇ ਨਾਬਾਰਡ ਦੁਆਰਾ ਤਿਆਰ ਕੀਤਾ ਗਿਆ ਸਾਲ 2026-27 ਲਈ ਸਟੇਟ ਫੋਕਸ ਪੇਪਰ ਵੀ ਜਾਰੀ ਕੀਤਾ। ਹਰਿਆਣਾ ਦੇ ਤਰਜੀਹੀ ਖੇਤਰ ਕਰਜ਼ਾ



ਦੇਣ ਦੀ ਸੰਭਾਵਨਾ 367,000 ਕਰੋੜ ਰੁਪਏ ਤੋਂ ਵੱਧ ਹੋਣ ਦਾ ਅਨੁਮਾਨ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ ਲਗਭਗ 17 ਪ੍ਰਤੀਸ਼ਤ ਦਾ ਵਾਧਾ ਦਰਸਾਉਂਦਾ ਹੈ। ਇਸ ਮੌਕੇ @ਤੇ, ਮੁੱਖ ਮੰਤਰੀ ਨੇ ਕਈ ਕਮੇਟੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਕੰਮ ਲਈ ਸਨਮਾਨਿਤ ਵੀ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਖੇਤੀਬਾੜੀ ਨੂੰ ਲਾਭਦਾਇਕ ਬਣਾਏ ਬਿਨਾਂ ਪੇਂਡੂ ਖੁਸ਼ਹਾਲੀ ਅਸੰਭਵ ਹੈ। ਇਸ ਲਈ, ਸਾਨੂੰ ਘੱਟ ਜ਼ਮੀਨ ਤੋਂ ਵਧੇਰੇ ਉਤਪਾਦਨ ਅਤੇ ਪਰ ਡ੍ਰੌਪ ਮੋਰ ਕਰੌਪ ਦੇ ਮੰਤਰ ਨੂੰ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਬੁਨਿਆਦੀ ਢਾਂਚਾ ਪੇਂਡੂ ਵਿਕਾਸ ਲਈ ਉਨਾ ਹੀ ਜ਼ਰੂਰੀ ਹੈ ਜਿੰਨਾ ਕਿ ਕਰਜ਼ੇ ਤੱਕ ਪਹੁੰਚ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿੰਚਾਈ, ਸਟੋਰੇਜ, ਵੇਅਰਹਾਊਸਿੰਗ, ਪੇਂਡੂ ਸੜਕਾਂ, ਬਿਜਲੀ ਅਤੇ ਡਿਜੀਟਲ ਕਨੈਕਟੀਵਿਟੀ ਵਿਕਾਸ ਲਈ ਬੁਨਿਆਦੀ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲਾ ਬਜਟ ਸਮਾਰਟ ਐਗਰੀਕਲਚਰ ਜ਼ੋਨਾਂ 'ਤੇ ਕੇਂਦ੍ਰਿਤ ਹੋਵੇਗਾ, ਅਤੇ ਇਸ ਉਦੇਸ਼ ਲਈ ਸਮਰਪਿਤ ਕਲੱਸਟਰ ਬਣਾਏ ਜਾ ਰਹੇ ਹਨ। ਕਿਸਾਨਾਂ ਨੂੰ ਰਵਾਇਤੀ ਖੇਤੀ ਛੱਡਣ ਅਤੇ ਨਵੇਂ, ਆਧੁਨਿਕ ਖੇਤੀ ਅਭਿਆਸਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨ ਲਈ ਕਿੰਨੂ, ਅਮਰੂਦ, ਸਟ੍ਰਾਬੇਰੀ, ਲੀਚੀ ਆਦਿ ਲਈ ਕਲੱਸਟਰ ਬਣਾਏ ਜਾ ਰਹੇ ਹਨ। ਕਿਸਾਨਾਂ ਨੂੰ ਗੰਨੇ ਦੀ ਖੇਤੀ ਅਪਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਮਿੱਟੀ ਤੋਂ ਮਸ਼ੀਨ ਅਤੇ ਖੇਤ ਤੋਂ ਬਾਜ਼ਾਰ ਪਾਈਪਲਾਈਨ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਹੈ ਤਾਂ ਜੋ ਕਿਸਾਨ ਇੱਕ ਬਿਹਤਰ ਬਾਜ਼ਾਰ ਤੱਕ ਪਹੁੰਚ ਕਰ ਸਕਣ ਅਤੇ ਆਪਣੀਆਂ ਫਸਲਾਂ ਲਈ ਵਧੀਆ ਕੀਮਤਾਂ ਪ੍ਰਾਪਤ ਕਰ ਸਕਣ।

ਮੁੱਖ ਮੰਤਰੀ ਨੇ ਬੈਂਕਾਂ ਨੂੰ ਅਪੀਲ ਕੀਤੀ ਕਿ ਉਹ ਹਰੇਕ ਯੋਗ ਕਿਸਾਨ ਨੂੰ ਸਮੇਂ ਸਿਰ, ਸਰਲ ਅਤੇ ਪਾਰਦਰਸ਼ੀ ਕਰਜ਼ਾ ਪ੍ਰਦਾਨ ਕਰਨ ਤਾਂ ਜੋ ਸਾਡੇ ਭੋਜਨ ਪ੍ਰਦਾਤਾ ਵਿਚੋਲਿਆਂ ਦੇ ਚੁੰਗਲ ਤੋਂ ਮੁਕਤ ਹੋ ਕੇ ਸਵੈ-ਨਿਰਭਰ ਬਣ ਸਕਣ। ਨਾਬਾਰਡ ਇਸ ਯਤਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਨਾਬਾਰਡ ਖੇਤੀਬਾੜੀ ਅਤੇ ਪੇਂਡੂ ਬੁਨਿਆਦੀ ਢਾਂਚੇ ਦੇ ਵਿਕਾਸ ਦਾ ਲਗਾਤਾਰ ਸਮਰਥਨ ਕਰ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਐਮਐਸਐਮਈ, ਸਵੈ-ਸਹਾਇਤਾ ਸਮੂਹ, ਮਹਿਲਾ ਉੱਦਮੀ ਅਤੇ ਸਹਿਕਾਰੀ ਗ੍ਰਾਮੀਣ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਹਰਿਆਣਾ ਵਿੱਚ 710 ਪੈਕਸ ਹਨ। ਇਸ ਤੋਂ ਇਲਾਵਾ, ਸਹਿਕਾਰੀ ਬੈਂਕਾਂ ਦਾ ਕੰਪਿਊਟਰੀਕਰਣ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਪੀਏਸੀਐੱਸ ਵਿੱਚ ਪੂਰਾ ਵਿਸ਼ਵਾਸ ਹੈ, ਪਰ ਹਾਲ ਹੀ ਵਿੱਚ, ਕਿਸਾਨਾਂ ਵਿੱਚ ਉਨ੍ਹਾਂ ਦੇ ਕੰਮਕਾਜ ਬਾਰੇ ਚਿੰਤਾ ਪੈਦਾ ਹੋਈ ਹੈ। ਸਾਨੂੰ ਇਸ ਵਿਸ਼ਵਾਸ ਨੂੰ ਬਹਾਲ ਕਰਨ ਦੀ ਜ਼ਰੂਰਤ ਹੈ, ਕਿਉਂਕਿ ਪੀਏਸੀਐੱਸ ਪੇਂਡੂ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਹਕਾਰ ਸੇ ਸਮ੍ਰਿੱਧੀ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਲਈ ਲਗਾਤਾਰ ਕਈ ਕਦਮ ਚੁੱਕ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਰਾਜ ਵਿੱਚ ÷ਮੇਰੀ ਫਸਲ ਮੇਰਾ ਬਿਓਰਾ÷ ਪੋਰਟਲ ਰਾਹੀਂ ਕਿਸਾਨਾਂ ਦੀ ਖੇਤੀਬਾੜੀ ਬਾਰੇ ਜਾਣਕਾਰੀ ਅਪਲੋਡ ਕੀਤੀ ਗਈ। ਮੰਗ ਅਨੁਸਾਰ ਕਿਸਾਨਾਂ ਨੂੰ ਖਾਦਾਂ ਦੀ ਉਪਲਬਧਤਾ ਯਕੀਨੀ ਬਣਾਈ ਗਈ। ਖਾਦਾਂ ਦੀ ਕਾਲਾਬਾਜ਼ਾਰੀ ਬੰਦ ਹੋ ਗਈ, ਅਤੇ ਸਬਸਿਡੀ ਵਿੱਚ ਲਗਭਗ 700 ਕਰੋੜ ਰੁਪਏ ਦੀ ਬਚਤ ਵੀ ਹੋਈ।

# ਰਾਈਡ ਇੰਡੀਆ ਐਕਸਪੋ ਦਾ ਆਗਾਜ਼ ਸ਼ਾਨੋ-ਸ਼ੌਕਤ ਨਾਲ ਹੋਇਆ



ਸਾਹਨੇਵਾਲ (ਕੁਹਾੜਾ), 6 ਫਰਵਰੀ (ਕੁਲਦੀਪ ਸਿੰਘ ਕੁਹਾੜਾ) : ਲੁਧਿਆਣਾ ਤੋਂ ਦਿਲੀ ਨੂੰ ਜਾਂਦੇ ਨੈਸ਼ਨਲ ਹਾਈਵੇਅ ਤੇ ਬਣੀ ਲੁਧਿਆਣਾ ਐਗਜੀਵੇਸਨ ਦੇ ਵਿਹੜੇ ਵਿੱਚ ਇੱਕ ਵਾਰ ਫਿਰ ਰਾਈਡ ਇੰਡੀਆ ਐਕਸਪੋ ਦੇ ਸ਼ਾਨਦਾਰ ਉਦਘਾਟਨ ਨਾਲ ਭਾਰਤ ਦੇ ਸਾਈਕਲ ਉਦਯੋਗ ਦੇ ਕੇਂਦਰ ਵਜੋਂ ਆਪਣੀ ਸਥਿਤੀ ਦੀ ਪੁਸ਼ਟੀ ਕੀਤੀ, ਸਾਈਕਲ ਵਪਾਰ ਨਾਲ ਸਬੰਧਿਤ ਇਹ ਪ੍ਰਦਰਸ਼ਨੀ ਪਹਿਲੇ ਦਿਨ ਹਜ਼ਾਰਾਂ ਦੀ ਤਾਦਾਦ ਵਿੱਚ ਆਏ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੀ। ਇਸ ਵੱਕਾਰੀ ਪ੍ਰਦਰਸ਼ਨੀ ਦਾ ਰਸਮੀ ਉਦਘਾਟਨ ਲੁਧਿਆਣਾ ਦੇ ਮਾਨਯੋਗ ਮੇਅਰ, ਪ੍ਰਿੰਸੀਪਲ ਸ਼੍ਰੀਮਤੀ ਇੰਦਰਜੀਤ ਕੌਰ ਦੁਆਰਾ, ਅਤੇ ਪ੍ਰਮੁੱਖ ਉਦਯੋਗਿਕ ਦਿੱਗਜਾਂ, ਵਪਾਰਿਕ ਸੰਗਠਨਾਂ ਦੀ ਮੌਜੂਦਗੀ ਵਿੱਚ ਕੀਤਾ ਗਿਆ।

ਆਪਣੇ ਉਦਘਾਟਨੀ ਭਾਸ਼ਣ ਵਿੱਚ, ਮਾਣਯੋਗ ਮੇਅਰ, ਪ੍ਰਿੰਸੀਪਲ ਸ਼੍ਰੀਮਤੀ ਇੰਦਰਜੀਤ ਕੌਰ ਨੇ ਕਿਹਾ ਕਿ ਰਾਈਡ ਇੰਡੀਆ ਐਕਸਪੋ ਲੁਧਿਆਣਾ ਲਈ ਇੱਕ ਮਾਣ ਵਾਲਾ ਪਲ ਹੈ ਅਤੇ ਸ਼ਹਿਰ ਦੀ ਉਦਯੋਗਿਕ ਤਾਕਤ ਅਤੇ ਉੱਦਮੀ ਭਾਵਨਾ ਦਾ ਇੱਕ ਮਜ਼ਬੂਤ ਪ੍ਰਤੀਬਿੰਬ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਦਰਸਨੀ ਭਾਰਤ ਦੇ ਸਾਈਕਲ ਉਦਯੋਗ ਨੂੰ ਆਕਾਰ ਦੇਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਏਗੀ, ਅਤੇ ਰਾਈਡ ਇੰਡੀਆ ਐਕਸਪੋ ਵਰਗੇ ਪਲੇਟਫਾਰਮ ਨਵੀਨਤਾ, ਤਕਨਾਲੋਜੀ ਅਤੇ ਟਿਕਾਊ ਗਤੀਸ਼ੀਲਤਾ ਨੂੰ ਉਤਸ਼ਾਹਿਤ ਕਰਕੇ ਇਸ ਵਿਰਾਸਤ ਨੂੰ ਹੋਰ ਮਜ਼ਬੂਤ ਕਰਦੇ ਹਨ। ਉਦਘਾਟਨੀ ਦਿਨ 7,500 ਤੋਂ ਵੱਧ ਦਰਸ਼ਕਾਂ ਦੀ ਪ੍ਰਭਾਵਸ਼ਾਲੀ ਆਮਦ ਦੇਖੀ ਗਈ, ਜਿਸ ਨਾਲ ਪ੍ਰਦਰਸ਼ਨੀ ਹਾਲਾਂ ਵਿੱਚ ਇੱਕ ਊਰਜਾਵਾਨ ਅਤੇ ਜੀਵੰਤ ਮਾਹੌਲ ਬਣਿਆ। ਰਾਈਡ ਇੰਡੀਆ ਐਕਸਪੋ ਨੇ ਭਾਰਤ ਦੇ ਚੋਟੀ ਦੇ ਸਾਈਕਲ ਅਤੇ ਸਾਈਕਲ-ਪੁਰਜ਼ਿਆਂ ਦੇ ਬ੍ਰਾਂਡਾਂ ਦੇ ਨਵੀਨਤਮ ਉਤਪਾਦਾਂ, ਡਿਜ਼ਾਈਨਾਂ ਅਤੇ ਤਕਨੀਕੀ ਤਰੱਕੀਆਂ ਦਾ ਪ੍ਰਦਰਸ਼ਨ ਕੀਤਾ, ਜਿਸ ਵਿੱਚ ਨਵੇਂ ਮਾਡਲ, ਉੱਨਤ ਹਿੱਸੇ ਅਤੇ ਨਵੀਨਤਾਕਾਰੀ ਹੱਲ ਸੈਲਾਨੀਆਂ ਅਤੇ ਵਪਾਰਕ ਪੇਸ਼ੇਵਰਾਂ ਦਾ ਲਗਾਤਾਰ ਧਿਆਨ ਖਿੱਚ ਰਹੇ ਸਨ। ਪਹਿਲੇ ਦਿਨ ਭਾਰਤ ਭਰ ਤੋਂ ਡੀਲਰ ਅਤੇ ਵਿਤਰਕ ਵੱਡੀ ਗਿਣਤੀ ਵਿੱਚ ਪਹੁੰਚੇ ਅਤੇ ਪ੍ਰਦਰਸ਼ਨੀ ਵਿੱਚ ਉਤਪਾਦਾਂ ਦੀ ਗੁਣਵੱਤਾ, ਵਿਭਿੰਨਤਾ ਅਤੇ ਪੇਸ਼ਕਾਰੀ 'ਤੇ ਬਹੁਤ ਸੰਤੁਸ਼ਟੀ ਪ੍ਰਗਟ ਕੀਤੀ। ਬਹੁਤ ਸਾਰੇ ਦਰਸ਼ਕਾਂ ਨੇ ਰਾਈਡ ਇੰਡੀਆ ਐਕਸਪੋ ਨੂੰ ਇੱਕ ਬਹੁਤ ਹੀ ਕੇਂਦ੍ਰਿਤ ਅਤੇ ਨਤੀਜਾ-ਅਧਾਰਤ ਪਲੇਟਫਾਰਮ ਦੱਸਿਆ ਜੋ ਕਾਰੋਬਾਰੀ ਵਿਕਾਸ, ਨੈੱਟਵਰਕਿੰਗ ਅਤੇ ਉੱਭਰ ਰਹੇ ਬਾਜ਼ਾਰ ਰੁਝਾਨਾਂ ਨੂੰ ਸਮਝਣ ਲਈ ਸ਼ਾਨਦਾਰ ਮੌਕੇ ਪ੍ਰਦਾਨ ਕਰਦਾ ਹੈ।

ਉਦਘਾਟਨ ਸਮਾਰੋਹ ਵਿੱਚ ਪਦਮ ਸ਼੍ਰੀ ਐਸ. ਓਂਕਾਰ ਸਿੰਘ ਪਾਹਵਾ, ਸੀ ਐਮ ਡੀ ਏਵਨ ਸਾਈਕਲਜ਼ ਸ਼੍ਰੀ ਕੇ.ਕੇ. ਸੇਠ, ਐਮ ਡੀ ਨੀਲਮ ਸਾਈਕਲਜ਼ ਸ਼੍ਰੀ ਜਤਿੰਦਰ ਮਿੱਤਲ, ਚੇਅਰਮੈਨ ਯੂ ਸੀ ਪੀ ਐਮ ਏ ਸ਼੍ਰੀ ਹਰਸਿਮਰਜੀਤ ਸਿੰਘ ਲੱਕੀ, ਪ੍ਰਧਾਨ ਯੂ ਸੀ ਪੀ ਐਮ ਏ ਸ਼੍ਰੀ ਗੁਰਮੀਤ ਸਿੰਘ ਕੁਲਾਰ, ਪ੍ਰਧਾਨ ਐਫ ਆਈ ਸੀ ਓ ਸ਼੍ਰੀ ਅਵਤਾਰ ਸਿੰਘ ਭੋਗਲ, ਕਨਵੀਨਰ ਯੂ ਸੀ ਪੀ ਐਮ ਏ ਸ਼੍ਰੀ ਰਾਜਿੰਦਰ ਕੁਮਾਰ ਨਾਰੰਗ, ਮੁੱਖ ਸਲਾਹਕਾਰ ਯੂ ਸੀ ਪੀ ਐਮ ਏ ਸਮੇਤ ਉੱਘੇ ਪਤਵੰਤਿਆਂ ਦੀ ਹਾਜ਼ਰੀ ਸੀ।

# ਸ੍ਰੀ ਹਜ਼ੂਰਸਾਹਿਬ ਵਿਖੇ 350 ਸਕੂਲੀ ਵਿੱਦਿਆਰਥੀਆਂ ਵਲੋਂ ਸਲੋਕ ਮਹੱਲਾ ੯ ਦੇ ਪਾਠ - ਡਾ. ਵਿਜੇ ਸਤਬੀਰ ਸਿੰਘ

ਨਾਂਦੇੜ, 6 ਫਰਵਰੀ (ਚ.ਨ.ਸ.) :ਹਿੰਦ-ਦੀ-ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ ੩੫੦ ਵੇਂ ਸ਼ਹੀਦੀ ਗੁਰਪੁਰਬ ਨੂੰ ਸਮਰਪਿਤ ਮਹਾਰਾਸ਼ਟਰ ਸਰਕਾਰ ਅਤੇ ਗੁਰਦੁਆਰਾ ਸੱਚਖੰਡ ਬੋਰਡ ਦੇ ਸਹਯੋਗ ਨਾਲ ਮਿਤੀ ੨੪ ਅਤੇ ੨੫ ਜਨਵਰੀ ੨੦੨੬ ਨੂੰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ




ਨਾਂਦੇੜ ਵਿਖੇ ਵੱਖ-ਵੱਖ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਵਿਖੇ ਪਹਿਲੀ ਵਾਰ ਸਾਮੂਹਿਕ ਰੂਪ ਵਿੱਚ ਮਿਤੀ ੨੨/੦੧/੨੦੨੬ ਨੂੰ ਰਾਤ ੦੯:੦੦ ਵੱਜੇ ਤੋਂ ੧੦:੦੦ ਵੱਜੇ ਤੱਕ ੩੫੦ ਸਕੂਲੀ ਵਿਦੀਆਰਥੀਆਂ ਵੱਲੋਂ ਸਲੋਕ ਮਹੱਲਾ ੯ ਦੇ ਪਾਠ ਕੀਤੇ ਗਏ. ਇਸ ਮੌਕੇ ਡਾ. ਵਿਜੇ ਸਤਬੀਰ ਸਿੰਘ ਨੇ ਕਿਹਾ ਕੀ ਇਨ੍ਹਾਂ ੩੫੦ ਸਕੂਲੀ ਵਿਦੀਆਰਥੀਆਂ ਵਿਚ ਸਿੱਖ ਧਰਮ ਦੇ ਵਿਦੀਆਰਥੀਆਂ ਦੇ ਅਲਵਾ ਹਿੰਦੂ, ਮੁਸਲਿਮ, ਵਣਜਾਰੇ, ਸਿੰਧੀ ਆਦਿ ਧਰਮ ਦੇ ਵਿਦੀਆਰਥੀਆਂ ਨੇ ਗੁਰੂ ਸਾਹਿਬ ਜੀ ਦੇ ਗੁਰਬਾਣੀ ਦਾ ਪਾਠ ਕੀਤਾ। ਇਹ ਵੇਖ ਕੇ ਮਨ ਭਾਵੁਕ ਹੋਇਆ ਕਿ ਗੁਰੂ ਸਾਹਿਬ ਜੀ ਵਲੋਂ ਧਰਮ ਖ਼ਾਤਰ ਦਿਤੇ ਬਲਿਦਾਨ ਅੱਜ ਸਾਕਾਰ ਹੋਏ ਜਿੰਨਾ ਧਰਮ ਖ਼ਾਤਰ ਤਿਆਗ਼ ਕੀਤਾ ਉਹ ਅੱਜ ਸਾਰੇ ਗੁਰੂ ਜੀ ਨੂੰ ਇੱਕ ਰੂਪ ਹੋਕੇ ਮੰਨ ਰਹੇ ਹਨ। ਇਸ ਮੌਕੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਜੱਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਜੀ, ਡਾ. ਵਿਜੇ ਸਤਬੀਰ ਸਿੰਘ ਜੀ, ਸ੍ਰ. ਜਸਵੰਤ ਸਿੰਘ ਬੌਬੀ, ਸ੍ਰੀ ਰਾਮੇਸ਼ਵਰ ਨਾਇਕ, ਗੁਰਦੁਆਰਾ ਸੱਚਖੰਡ ਬੋਰਡ ਦੇ ਸੁਪਰਡੈਂਟ ਸ੍ਰ. ਹਰਜੀਤ ਸਿੰਘ ਜੀ ਕੜੇਵਾਲੇ, ਸ੍ਰ. ਗੁਰਬਚਨ ਸਿੰਘ ਜੀ ਸ਼ਿਲੇਦਾਰ ਪ੍ਰਿੰਸੀਪਲ, ਸ੍ਰ. ਬਲਵਿੰਦਰ ਸਿੰਘ ਜੀ ਫੌਜੀ ਸਹਾ. ਸੁਪਰਡੈਂਟ, ਸ੍ਰੀਮਤੀ ਬਬੀਤਾ ਕੌਰ ਚਾਹੇਲ ਪੀ. ਏ. ਟੂ ਪ੍ਰਸ਼ਾਸਕ ਸਾਹਿਬ, ਸ੍ਰ. ਪਰਦੀਪ ਸਿੰਘ ਮਾਨ, ਸਕੂਲ ਦੀ ਟੀਚਰਜ਼ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜਰੀ ਭਰੀ ਅਤੇ ਗੁਰਬਾਣੀ ਦੇ ਪਾਠ ਕੀਤੇ।

# ਸੱਚਖੰਡ ਸ੍ਰੀ ਹਜ਼ੂਰ ਸਾਹਿਬ ਲਈ ਜਲਦ ਹੀ ਵੰਦੇ ਭਾਰਤ ਟਰੇਨ ਚਲਾਈ ਜਾਵੇਗੀ: ਰਵਨੀਤ ਬਿੱਟੂ

ਨਵੀਂ ਦਿੱਲੀ , 6 ਫਰਵਰੀ (ਹਰਪ੍ਰੀਤ ਕੌਰ ਟਿਵਾਣਾ) : ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਭਾਰਤੀ ਰੇਲਵੇ ਵੱਲੋਂ ਜਲਦ ਹੀ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਲ ਜੋੜਨ ਲਈ ਵੰਦੇ ਭਾਰਤ ਟਰੇਨ ਚਲਾਉਣ ਦੀ ਯੋਜਨਾ ਉੱਤੇ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਗਤ ਦੀ ਲੰਮੇ ਸਮੇਂ ਤੋਂ ਇਹ ਮੰਗ ਰਹੀ ਹੈ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਲਈ ਆਧੁਨਿਕ ਅਤੇ ਤੇਜ਼ ਰਫ਼ਤਾਰ ਰੇਲ ਸੇਵਾ ਮੁਹੱਈਆ ਕਰਵਾਈ ਜਾਵੇ, ਤਾਂ ਜੋ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਸੁਵਿਧਾ ਮਿਲ ਸਕੇ। ਇਹ ਗੱਲ ਉਨ੍ਹਾਂ ਚੜ੍ਹਦੀਕਲਾ ਟਾਈਮ ਟੀਵੀ ਦੇ ਡਾਇਰੈਕਟਰ ਅੰਮ੍ਰਿਤਪਾਲ ਸਿੰਘ ਦਰਦੀ ਨਾਲ ਆਪਣੇ ਦਫ਼ਤਰ ਵਿੱਚ ਹੋਈ ਵਿਸ਼ੇਸ਼ ਮੁਲਾਕਾਤ ਦੌਰਾਨ ਕਹੀ। ਇਸ ਮੌਕੇ ਅੰਮ੍ਰਿਤਪਾਲ ਸਿੰਘ ਦਰਦੀ ਨੇ ਰਵਨੀਤ ਸਿੰਘ ਬਿੱਟੂ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਦੇ ਉਚੇਚੇ ਯਤਨਾਂ ਨਾਲ ਦਿੱਲੀ-ਫਿਰੋਜ਼ਪੁਰ ਰੂਟ 'ਤੇ ਵੰਦੇ ਭਾਰਤ ਟਰੇਨ ਦੀ ਸੇਵਾ ਸ਼ੁਰੂ ਹੋਈ ਹੈ, ਜੋ ਪਟਿਆਲਾ ਰਾਹੀਂ ਚੱਲ ਰਹੀ ਹੈ ਅਤੇ ਜਿਸ ਨਾਲ ਇਸ ਇਲਾਕੇ ਦੇ ਯਾਤਰੀਆਂ ਨੂੰ ਕਾਫ਼ੀ ਸਹੂਲਤ ਮਿਲੀ ਹੈ।



ਰਵਨੀਤ ਸਿੰਘ ਬਿੱਟੂ ਨੇ ਇਹ ਵੀ ਵਿਸ਼ਵਾਸ ਦਿਵਾਇਆ ਕਿ ਰਾਜਪੁਰਾ ਰੇਲਵੇ ਸਟੇਸ਼ਨ 'ਤੇ ਹੋਰ ਵੱਧ ਰੇਲ ਗੱਡੀਆਂ ਦੇ ਠਹਿਰਾਅ ਨੂੰ ਯਕੀਨੀ ਬਣਾਉਣ ਲਈ ਰੇਲਵੇ ਮੰਤਰਾਲਾ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਹੈ, ਤਾਂ ਜੋ ਇਲਾਕੇ ਦੇ ਯਾਤਰੀਆਂ ਅਤੇ ਵਪਾਰੀਆਂ ਨੂੰ ਆਵਾਜਾਈ ਦੇ ਵਧੀਆ ਮੌਕੇ ਪ੍ਰਾਪਤ ਹੋ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਈ ਹੋਰ ਰੇਲ ਪ੍ਰੋਜੈਕਟਾਂ ਅਤੇ ਬੁਨਿਆਦੀ ਢਾਂਚੇ ਨਾਲ ਜੁੜੇ ਮਸਲਿਆਂ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਕੁਝ ਨਵੇਂ ਪ੍ਰੋਜੈਕਟਾਂ ਦਾ ਐਲਾਨ ਹੋ ਸਕਦਾ ਹੈ। ਮੁਲਾਕਾਤ ਦੌਰਾਨ ਪੰਜਾਬ ਨਾਲ ਸੰਬੰਧਿਤ ਵੱਖ-ਵੱਖ ਅਹਿਮ ਮੁੱਦਿਆਂ 'ਤੇ ਵੀ ਗੱਲਬਾਤ ਹੋਈ। ਬਿੱਟੂ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਪੰਜਾਬ ਦੇ ਵਿਕਾਸ ਲਈ ਬੁਨਿਆਦੀ ਢਾਂਚੇ, ਸੜਕਾਂ, ਰੇਲਵੇ ਅਤੇ ਉਦਯੋਗਿਕ ਖੇਤਰ ਵਿੱਚ ਨਵੇਂ ਪ੍ਰੋਜੈਕਟ ਲੈ ਕੇ ਆ ਰਹੀ ਹੈ। ਉਨ੍ਹਾਂ ਦਾ ਦਾਅਵਾ ਸੀ ਕਿ ਪਿਛਲੀਆਂ ਕਾਂਗਰਸ ਸਰਕਾਰਾਂ ਨੇ ਪੰਜਾਬ ਦੇ ਕਈ ਅਹਿਮ ਮਸਲੇ ਲੰਮੇ ਸਮੇਂ ਤੱਕ ਅਣਗੌਲਿਆਂ ਛੱਡੇ, ਜਦਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਬਿਨਾਂ ਭੇਦਭਾਵ ਦੇ ਸਾਰੇ ਸੂਬਿਆਂ ਦੇ ਵਿਕਾਸ ਵੱਲ ਧਿਆਨ ਦੇ ਰਹੀ ਹੈ।ਰਾਹੁਲ ਗਾਂਧੀ ਵੱਲੋਂ ਕੀਤੀਆਂ ਟਿੱਪਣੀਆਂ ਬਾਰੇ ਪੁੱਛੇ ਜਾਣ 'ਤੇ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਕਾਂਗਰਸ ਦੇ ਕੁਝ ਆਗੂਆਂ ਦੇ ਬਿਆਨ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਹੁੰਦੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨੇ ਸਿੱਖ ਕੌਮ ਨੂੰ ਯੋਗ ਸਨਮਾਨ ਦਿੱਤਾ ਹੈ ਅਤੇ ਸਿੱਖ ਧਰਮ ਨਾਲ ਸੰਬੰਧਿਤ ਧਾਰਮਿਕ ਸਥਾਨਾਂ ਅਤੇ ਯਾਤਰਾ ਸਹੂਲਤਾਂ ਨੂੰ ਬਿਹਤਰ ਬਣਾਉਣ ਲਈ ਕਦਮ ਚੁੱਕੇ ਹਨ। ਇਹ ਮੰਨਿਆ ਜਾ ਰਿਹਾ ਹੈ ਕਿ ਹਜ਼ੂਰ ਸਾਹਿਬ ਲਈ ਵੰਦੇ ਭਾਰਤ ਟਰੇਨ ਦੀ ਯੋਜਨਾ ਜੇ ਅਮਲ ਵਿੱਚ ਆਉਂਦੀ ਹੈ ਤਾਂ ਇਹ ਨਾ ਸਿਰਫ਼ ਧਾਰਮਿਕ ਯਾਤਰਾ ਨੂੰ ਸੁਗਮ ਬਣਾਏਗੀ, ਸਗੋਂ ਪੰਜਾਬ ਅਤੇ ਮਹਾਰਾਸ਼ਟਰ ਦਰਮਿਆਨ ਆਵਾਜਾਈ ਅਤੇ ਸਾਂਸਕ੍ਰਿਤਿਕ ਜੋੜ ਨੂੰ ਵੀ ਮਜ਼ਬੂਤ ਕਰੇਗੀ ਨਾਲ ਹੀ ਇਹ ਪ੍ਰੋਜੈਕਟ ਪੰਜਾਬ ਵਿੱਚ ਰੇਲਵੇ ਬੁਨਿਆਦੀ ਢਾਂਚੇ ਦੇ ਵਿਸਥਾਰ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

# ਰਾਸ਼ਟਰਪਤੀ ਵੱਲੋਂ ਓਡੀਸ਼ਾ ਸਰਕਾਰ ਅਤੇ ਗਲੋਬਲ ਫਾਈਨਾਂਸ ਐਂਡ ਨੈਟਵਰਕ ਦੀ ਸ਼ਲਾਘਾ




ਭੁਵਨੇਸ਼ਵਰ, 6 ਫਰਵਰੀ (ਚ.ਨ.ਸ.) : ਮੈਨੂੰ ਓਡੀਸ਼ਾ ਦੇ ਡਿਜੀਟਲ ਅਤੇ ਵਿੱਤੀ ਪਰਿਵਰਤਨ ਨਾਲ ਸਬੰਧਤ ਇਸ ਮਹੱਤਵਪੂਰਨ ਸਮਾਗਮ ਵਿੱਚ ਤੁਹਾਡੇ ਸਾਰਿਆਂ ਦੇ ਵਿਚਕਾਰ ਆ ਕੇ ਖੁਸ਼ੀ ਹੋ ਰਹੀ ਹੈ। ਮੈਂ ਭਾਰਤਨੇਤਰਾ ਪਹਿਲਕਦਮੀ ਦੇ ਹਿੱਸੇ ਵਜੋਂ ਸੰਮੇਲਨ ਨੂੰ ਸਹਿ-ਆਯੋਜਿਤ ਕਰਨ ਲਈ ਓਡੀਸ਼ਾ ਸਰਕਾਰ ਅਤੇ ਗਲੋਬਲ ਫਾਈਨੈਂਸ ਐਂਡ ਟੈਕਨਾਲੋਜੀ ਨੈੱਟਵਰਕ ਦੀ ਸ਼ਲਾਘਾ ਕਰਦਾ ਹਾਂ। ਮੈਨੂੰ ਇਹ ਜਾਣ ਕੇ ਖੁਸ਼ੀ ਹੋ ਰਹੀ ਹੈ ਕਿ ਓਡੀਸ਼ਾ ਸਰਕਾਰ ਨੇ ਭਾਰਤਨੇਤਰਾ ਲਾਂਚ ਕੀਤਾ ਹੈ, ਜੋ ਕਿ ਡਿਜੀਟਲ, ਵਿੱਤੀ ਅਤੇ ਬੀਮਾ ਤਕਨਾਲੋਜੀ ਖੇਤਰਾਂ ਵਿੱਚ ਭਵਿੱਖ ਲਈ ਤਿਆਰ ਕਾਰਜਬਲ ਅਤੇ ਨਵੀਨਤਾ ਈਕੋਸਿਸਟਮ ਬਣਾਉਣ ਲਈ ਇੱਕ ਪਹਿਲ ਹੈ। ਬਲੈਕ ਸਵਾਨ ਸੰਮੇਲਨ ਇੱਕ ਗਲੋਬਲ ਪਲੇਟਫਾਰਮ ਹੈ ਜੋ ਇਹ ਪਤਾ ਲਗਾਉਣ ਲਈ ਹੈ ਕਿ ਤਕਨੀਕੀ ਨਵੀਨਤਾ ਕਿਵੇਂ ਵਧੇਰੇ ਲਚਕਤਾ ਪੈਦਾ ਕਰ ਸਕਦੀ ਹੈ ਅਤੇ ਸ਼ਮੂਲੀਅਤ ਲਿਆ ਸਕਦੀ ਹੈ। ਮੈਨੂੰ ਇਹ ਜਾਣ ਕੇ ਖੁਸ਼ੀ ਹੋ ਰਹੀ ਹੈ ਕਿ ਇਸਨੇ ਨੀਤੀ ਨਿਰਮਾਤਾਵਾਂ, ਟੈਕਨਾਲੋਜਿਸਟਾਂ, ਵਿੱਤੀ ਸੰਸਥਾਵਾਂ ਅਤੇ ਨਿਵੇਸ਼ਕਾਂ ਨੂੰ ਇੱਕ ਪਲੇਟਫਾਰਮ @ਤੇ ਇਕੱਠਾ ਕੀਤਾ ਹੈ ਜਿਨ੍ਹਾਂ ਨੇ ਏਆਈ ਅਤੇ ਫਿਨਟੈਕ ਨਵੀਨਤਾ ਤੋਂ ਲੈ ਕੇ ਟਿਕਾਊ ਵਿੱਤ, ਡਿਜੀਟਲ ਜਨਤਕ ਬੁਨਿਆਦੀ ਢਾਂਚੇ ਅਤੇ ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਸਸ਼ਕਤੀਕਰਨ ਤੱਕ ਦੇ ਵੱਖ-ਵੱਖ ਵਿਸ਼ਿਆਂ 'ਤੇ ਦੋ ਦਿਨਾਂ ਤੋਂ ਵੱਧ ਵਿਚਾਰ-ਵਟਾਂਦਰਾ ਕੀਤਾ ਹੈ।

ਅੱਜ, ਅਸੀਂ ਇੱਕ ਅਜਿਹੇ ਸਮੇਂ ਵਿੱਚ ਰਹਿ ਰਹੇ ਹਾਂ ਜਦੋਂ ਤਕਨਾਲੋਜੀ ਬੇਮਿਸਾਲ ਗਤੀ ਨਾਲ ਵਿਕਸਤ ਹੋ ਰਹੀ ਹੈ। ਨਵੀਆਂ ਕਾਢਾਂ ਇੰਨੀ ਤੇਜ਼ੀ ਨਾਲ ਆਉਂਦੀਆਂ ਹਨ ਕਿ ਸਾਡੇ ਸਿਸਟਮ, ਹੁਨਰ ਅਤੇ ਕਾਰੋਬਾਰੀ ਮਾਡਲ ਅਕਸਰ ਇਸ ਨਾਲ ਜੁੜੇ ਰਹਿਣ ਲਈ ਸੰਘਰਸ਼ ਕਰਦੇ ਹਨ। ਆਟੋਮੇਸ਼ਨ, ਆਰਟੀਫੀਸ਼ੀਅਲ ਇੰਟੈਲੀਜੈਂਸ, ਅਤੇ ਮਸ਼ੀਨ ਲਰਨਿੰਗ ਜੀਵਨ ਦੇ ਹਰ ਖੇਤਰ ਨੂੰ ਬਦਲ ਰਹੇ ਹਨ - ਸਿੱਖਿਆ, ਸਿਹਤ ਸੰਭਾਲ, ਨੌਕਰੀਆਂ ਅਤੇ ਕਾਰੋਬਾਰ। ਇਸ ਦੇ ਨਾਲ ਹੀ, ਇਹ ਤੇਜ਼ ਤਰੱਕੀ ਗੰਭੀਰ ਚੁਣੌਤੀਆਂ ਵੀ ਲਿਆ ਸਕਦੀ ਹੈ, ਜਿਸ ਵਿੱਚ ਸਾਈਬਰ ਸੁਰੱਖਿਆ ਖਤਰੇ, ਡੀਪ ਫੇਕ, ਗਲਤ ਜਾਣਕਾਰੀ ਅਤੇ ਤਕਨਾਲੋਜੀ @ਤੇ ਵੱਧਦੀ ਨਿਰਭਰਤਾ ਸ਼ਾਮਲ ਹੈ। ਹਾਲਾਂਕਿ, ਤੇਜ਼ ਤਕਨੀਕੀ ਤਬਦੀਲੀਆਂ ਦਾ ਨਵੀਨਤਾ ਅਤੇ ਵਿਕਾਸ @ਤੇ ਬਹੁਤ ਵੱਡਾ ਸਕਾਰਾਤਮਕ ਪ੍ਰਭਾਵ ਪੈਂਦਾ ਹੈ। ਇਸ ਸੰਮੇਲਨ ਵਰਗੇ ਸਮਾਗਮਾਂ ਰਾਹੀਂ, ਹੁਨਰ ਦੁਆਰਾ ਸਮਰੱਥਾਵਾਂ ਨੂੰ ਹੋਰ ਵਧਾਉਣ, ਰੁਜ਼ਗਾਰ ਪੈਦਾ ਕਰਨ ਅਤੇ ਡਿਜੀਟਲ ਅਤੇ ਵਿੱਤੀ ਪਰਿਵਰਤਨ ਨੂੰ ਤੇਜ਼ ਕਰਨ ਵਾਲੀਆਂ ਤਕਨਾਲੋਜੀਆਂ ਦਾ ਲਾਭ ਉਠਾਉਣ ਲਈ ਨਵੀਨਤਾਕਾਰੀ ਤਰੀਕਿਆਂ ਦੀ ਖੋਜ ਕੀਤੀ ਜਾ ਸਕਦੀ ਹੈ।

## ਸੈਂਟਰਲ ਬੈਂਕ ਆਫ਼ ਇੰਡੀਆ ਦਾ ਮੈਗਾ ਆਊਟਰੀਚ ਐਮਐਸਐਮਈ ਕ੍ਰੈਡਿਟ ਕੈਂਪ ਅੱਜ

ਲੁਧਿਆਣਾ, 6 ਫਰਵਰੀ (ਚ.ਨ.ਸ.) : ਸੈਂਟਰਲ ਬੈਂਕ ਆਫ਼ ਇੰਡੀਆ, ਜੋ ਕਿ ਸਭ ਤੋਂ ਵੱਡੇ ਜਨਤਕ ਖੇਤਰ ਦੇ ਬੈਂਕਾਂ ਵਿੱਚੋਂ ਇੱਕ ਹੈ,

सेन्ट्रल बैंक ऑफ़ इंडिया
Central Bank of India
1911 से आपके लिए "केंद्रित" "CENTRAL" TO YOU SINCE 1911

ਅੱਜ ਦੇਸ਼ ਭਰ ਵਿੱਚ ਆਪਣੀਆਂ ਸਾਰੀਆਂ ਸ਼ਾਖਾਵਾਂ ਵਿੱਚ ਇੱਕ ਰਾਸ਼ਟਰੀ ਮੈਗਾ ਆਊਟਰੀਚ ਐਮਐਸਐਮਈ ਕ੍ਰੈਡਿਟ ਕੈਂਪ ਦਾ ਆਯੋਜਨ ਕਰ ਰਿਹਾ ਹੈ। ਇਹ ਜਾਣਕਾਰੀ ਦਿੰਦੇ ਹੋਏ, ਬੈਂਕ ਦੇ ਖੇਤਰੀ ਮੁਖੀ, ਅਸ਼ੋਕ ਸ਼ਰਮਾ ਨੇ ਦੱਸਿਆ ਕਿ ਇੱਕ ਮੈਗਾ ਆਊਟਰੀਚ ਐਮਐਸਐਮਈ ਕ੍ਰੈਡਿਟ ਕੈਂਪ ਅੱਜ, 7 ਫਰਵਰੀ ਨੂੰ ਲੁਧਿਆਣਾ ਦੇ ਫੋਕਲ ਪੁਆਇੰਟ ਸ਼ਾਖਾ ਵਿੱਚ ਸਵੇਰੇ 10:00 ਵਜੇ ਸ਼ੁਰੂ ਹੋਵੇਗਾ।

# ਟੈਲੇਂਟ ਆਈਡੈਂਟੀਫਿਕੇਸ਼ਨ ਐਂਡ ਐਥਲੀਟ ਡਿਵੈਲਪਮੈਂਟ ਸਿਰਲੇਖ ਵਾਲੀ ਦੋ-ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਸ਼ੁਰੂ

ਪਟਿਆਲਾ, 6 ਫਰਵਰੀ (ਚ.ਨ.ਸ.) : ਨੇਤਾਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ (ਐਨਐਸਐਨਆਈਐਸ) ਵਿਖੇ 'ਗ੍ਰਾਸਰੂਟਸ ਟੂ ਗ੍ਰੇਟਨੈੱਸ: ਟੈਲੇਂਟ ਆਈਡੈਂਟੀਫਿਕੇਸ਼ਨ ਐਂਡ ਐਥਲੀਟ ਡਿਵੈਲਪਮੈਂਟ ਸਿਰਲੇਖ ਵਾਲੀ ਦੋ-ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਹਿੱਸਾ ਲੈਣ ਵਾਲੇ ਅੰਤਰਰਾਸ਼ਟਰੀ ਮਾਹਿਰਾਂ ਅਤੇ ਸਿੱਖਿਆ ਸ਼ਾਸਤਰੀਆਂ ਨੇ ਸ਼ੁੱਕਰਵਾਰ ਨੂੰ ਨੇਤਾਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ (ਐਨਐਸਐਨਆਈਐਸ) ਵਿਖੇ 'ਗ੍ਰਾਸਰੂਟਸ ਟੂ ਗ੍ਰੇਟਨੈੱਸ: ਟੈਲੇਂਟ ਆਈਡੈਂਟੀਫਿਕੇਸ਼ਨ ਐਂਡ ਐਥਲੀਟ ਡਿਵੈਲਪਮੈਂਟ ਸਿਰਲੇਖ ਵਾਲੀ ਦੋ-ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਹਿੱਸਾ ਲੈਣ ਵਾਲੇ ਅੰਤਰਰਾਸ਼ਟਰੀ ਮਾਹਿਰਾਂ ਅਤੇ ਸਿੱਖਿਆ ਸ਼ਾਸਤਰੀਆਂ ਨੇ ਸਪੱਸ਼ਟ ਤੌਰ 'ਤੇ ਭਾਰਤ ਨੂੰ ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 2047 ਤੱਕ ਦੁਨੀਆ ਦੇ ਚੋਟੀ ਦੇ 5 ਖੇਡ ਦੇਸ਼ਾਂ ਵਿੱਚ ਸ਼ਾਮਲ ਹੋਣ ਦੇ ਦ੍ਰਿਸ਼ਟੀਕੋਣ ਨੂੰ ਪੂਰਾ ਕਰਨ ਲਈ ਗੁਣਵੱਤਾ ਵਾਲੇ ਕੋਚ ਵਿਕਸਤ ਕਰਨ ਦੀ ਜ਼ਰੂਰਤ @ਤੇ ਜ਼ੋਰ ਦਿੱਤਾ। ਐਨਐਸਐਨਆਈਐਸ ਪਟਿਆਲਾ ਸਪੋਰਟਸ ਅਥਾਰਟੀ ਆਫ਼ ਇੰਡੀਆ (ਐਸਏਆਈ) ਅਧੀਨ ਖੇਡ ਕੋਚਿੰਗ ਅਤੇ ਖੇਡ ਵਿਗਿਆਨ ਸਿੱਖਿਆ ਲਈ ਸਿਖਰਲੀ ਰਾਸ਼ਟਰੀ ਸੰਸਥਾ ਹੈ। ਇਸ



ਕਾਨਫਰੰਸ ਵਿੱਚ 600 ਤੋਂ ਵੱਧ ਚਾਹਵਾਨ ਕੋਚਾਂ, ਉੱਘੇ ਐਥਲੀਟਾਂ, ਖੇਡ ਵਿਗਿਆਨੀਆਂ, ਪ੍ਰਸ਼ਾਸਕਾਂ, ਸਿੱਖਿਆ ਸ਼ਾਸਤਰੀਆਂ ਅਤੇ ਵਿਦਿਆਰਥੀਆਂ ਦੇ ਨਾਲ-ਨਾਲ 30+ ਪ੍ਰਸਿੱਧ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਾਹਰਾਂ ਨੇ ਹਿੱਸਾ ਲਿਆ, ਜਿਸ ਨਾਲ ਇਹ ਦੇਸ਼ ਵਿੱਚ ਖੇਡ ਵਿਕਾਸ ਦੇ ਖੇਤਰ ਵਿੱਚ ਸਭ ਤੋਂ ਵੱਡੇ ਗਿਆਨ-ਸਾਂਝਾਕਰਨ ਪਲੇਟਫਾਰਮਾਂ ਵਿੱਚੋਂ ਇੱਕ ਬਣ ਗਿਆ। ਇਸ ਕਾਨਫਰੰਸ ਨੂੰ ਹਰੀ ਰੰਜਨ ਰਾਓ, ਸਕੱਤਰ (ਖੇਡਾਂ), ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਅਤੇ ਡਾਇਰੈਕਟਰ ਜਨਰਲ, SAI ਦੁਆਰਾ ਖੋਲ੍ਹਿਆ ਗਿਆ। ਹਰੀ ਰੰਜਨ ਰਾਓ ਨੇ ਕਿਹਾ ਕਿ ਖੇਡ ਮੰਤਰਾਲਾ ÷ਇੱਕ ਮਜ਼ਬੂਤ ਖੇਡ ਵਾਤਾਵਰਣ ਪ੍ਰਣਾਲੀ ਬਣਾਉਣ ਲਈ ਅਣਥੱਕ ਮਿਹਨਤ ਕਰ ਰਿਹਾ ਹੈ। ਸਿੰਗਿਡੁਨਮ ਯੂਨੀਵਰਸਿਟੀ, ਸਰਬੀਆ ਦੇ ਫਿਜ਼ੀਕਲ ਐਜੂਕੇਸ਼ਨ ਐਂਡ ਮੈਨੇਜਮੈਂਟ ਇਨ ਸਪੋਰਟ ਦੇ ਡੀਨ, ਪ੍ਰੋ. ਨੇਨਾਡ ਟ੍ਰਨਿਕ ਨੇ ਇਸ ਉੱਚ ਪੱਧਰੀ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਆਪਣੀ ਖੁਸ਼ੀ ਜ਼ਾਹਰ ਕੀਤੀ: ਮੈਂ ਸਪੋਰਟਸ ਅਥਾਰਟੀ ਆਫ਼ ਇੰਡੀਆ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਉਸਨੇ ਮੈਨੂੰ ਪਟਿਆਲਾ ਵਿੱਚ ਇਸ ਕਾਨਫਰੰਸ ਵਿੱਚ ਸੱਦਾ ਦਿੱਤਾ, ਇਹ ਮੇਰੇ ਲਈ ਇੱਕ ਬਹੁਤ ਵੱਡਾ ਸਨਮਾਨ ਹੈ। ਇਹ ਸਾਡੇ ਸਾਰਿਆਂ ਲਈ ਨਾ ਸਿਰਫ਼ ਚਾਹਵਾਨ ਕੋਚਾਂ ਨਾਲ, ਸਗੋਂ ਕੋਚਿੰਗ ਖੇਤਰ ਵਿੱਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਅਤੇ ਐਥਲੀਟਾਂ ਨਾਲ ਵੀ ਜਾਣਕਾਰੀ ਸਾਂਝੀ ਕਰਨ, ਵਿਚਾਰਾਂ ਅਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਦਾ ਇੱਕ ਵਧੀਆ ਮੌਕਾ ਹੈ। ਇਹ ਸਾਡੇ ਵਰਗੇ ਲੋਕਾਂ ਨੂੰ ਭਾਰਤੀ ਕੋਚਾਂ ਨੂੰ ਦਰਪੇਸ਼ ਚੁਣੌਤੀਆਂ ਦੇ ਹੱਲ ਪ੍ਰਦਾਨ ਕਰਨ ਦਾ ਮੌਕਾ ਵੀ ਦਿੰਦਾ ਹੈ। ਸਲੋਵਾਕੀਆ ਰਾਸ਼ਟਰੀ ਟੀਮ ਲਈ ਯੁਵਾ ਕੋਚ ਵਜੋਂ ਦੁੱਗਣਾ ਕੰਮ ਕਰਨ ਵਾਲੇ ਫੀਬਾ ਬਾਸਕਟਬਾਲ ਕੋਚ ਰਿਚਰਡ ਲੀ ਬਰੂਕਸ ਨੇ ਕਿਹਾ ਕਿ ਕੋਚਾਂ ਨੂੰ ਹੁਨਰਮੰਦ ਬਣਾਉਣਾ ਅਤੇ ਗਿਆਨ ਪ੍ਰਦਾਨ ਕਰਨਾ ਸਿਰਫ਼ ਪ੍ਰਤਿਭਾ ਦੀ ਭਾਲ ਕਰਨ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ ਕਿਉਂਕਿ ਇੱਕ ਬੱਚੇ ਵਿੱਚ ਜਨਮਜਾਤ ਪ੍ਰਤਿਭਾ ਹੋ ਸਕਦੀ ਹੈ ਪਰ ਤੁਸੀਂ ਉਨ੍ਹਾਂ ਦਾ ਪਾਲਣ-ਪੋਸ਼ਣ ਕਿਵੇਂ ਕਰਦੇ ਹੋ ਅਤੇ ਉਨ੍ਹਾਂ ਦਾ ਮਾਰਗਦਰਸ਼ਨ ਕਿਵੇਂ ਕਰਦੇ ਹੋ, ਇਹ ਅੰਤਰਰਾਸ਼ਟਰੀ ਪੱਧਰ 'ਤੇ ਤਗਮੇ ਲਿਆਏਗਾ। ਕਾਨਫਰੰਸ ਵਿੱਚ ਹਿੱਸਾ ਲੈਣ ਵਾਲੇ ਹੋਰ ਪ੍ਰਮੁੱਖ ਮਾਹਰ ਫ਼ਰੂਹ ਅਹਿਮਦੋਵ (ਵਿਗਿਆਨਕ ਵਿਭਾਗ ਦੇ ਮੁਖੀ, ਸਮਰਕੰਦ ਸਟੇਟ ਯੂਨੀਵਰਸਿਟੀ), ਡਾ. ਪਿਨਾਰ ਯਾਪ੍ਰਕ (ਸਹਾਇਕ ਪ੍ਰੋਫੈਸਰ, ਤੁਰਕੀ), ਪ੍ਰੋਫੈਸਰ ਡਾ. ਹੈਨੋ ਫੈਲਡਰ (ਕਾਰਜਕਾਰੀ ਨਿਰਦੇਸ਼ਕ, ਓਲੰਪਿਕ ਸਿਖਲਾਈ ਕੇਂਦਰ) ਅਤੇ ਡਾ. ਮਾਰਟਿਨ ਟੌਮਸ (ਗਲੋਬਲ ਸਪੋਰਟ ਐਜੂਕੇਸ਼ਨ ਐਂਡ ਕੋਚਿੰਗ ਦੇ ਐਸੋਸੀਏਟ ਪ੍ਰੋਫੈਸਰ, ਬਰਮਿੰਘਮ ਯੂਨੀਵਰਸਿਟੀ, ਯੂਕੇ) ਸਨ।

# ਅੰਤਰ-ਰਾਜੀ ਯੁਵਾ ਐਕਸਚੇਂਜ ਪ੍ਰੋਗਰਾਮ ਦਾ ਚੰਡੀਗੜ੍ਹ ਵਿੱਚ ਸਮਾਪਤੀ ਸਮਾਰੋਹ



ਚੰਡੀਗੜ੍ਹ, 6 ਫਰਵਰੀ (ਚ.ਨ.ਸ.) : ਅੰਤਰ-ਰਾਜੀ ਯੁਵਾ ਐਕਸਚੇਂਜ ਪ੍ਰੋਗਰਾਮ 2025-26 ਦਾ ਸਮਾਪਤੀ ਸਮਾਰੋਹ 6 ਫਰਵਰੀ, 2026 ਨੂੰ ਰਾਜੀਵ ਗਾਂਧੀ ਨੈਸ਼ਨਲ ਇੰਸਟੀਚਿਊਟ ਆਫ਼ ਯੂਥ ਡਿਵੈਲਪਮੈਂਟ, ਰੀਜਨਲ ਸੈਂਟਰ, ਸੈਕਟਰ 12, ਚੰਡੀਗੜ੍ਹ ਵਿਖੇ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਪੰਜ ਦਿਨਾਂ ਪ੍ਰੋਗਰਾਮ ਦਾ ਆਯੋਜਨ ਭਾਰਤ ਸਰਕਾਰ ਦੇ ਯੁਵਾ ਮਾਮਲਿਆਂ ਅਤੇ ਖੇਡ ਮੰਤਰਾਲੇ ਦੇ ਅਧੀਨ, ਮਾਈ ਭਾਰਤ ਚੰਡੀਗੜ੍ਹ ਦੁਆਰਾ ਕੀਤਾ ਗਿਆ ਸੀ, ਅਤੇ ਇਸ ਵਿੱਚ ਮੱਧ ਪ੍ਰਦੇਸ਼ ਰਾਜ ਦੇ 37 ਨੌਜਵਾਨ ਭਾਗੀਦਾਰਾਂ ਨੇ ਹਿੱਸਾ ਲਿਆ ਸੀ। ਡਾ. ਨੇਮੀ ਚੰਦ, ਐਨਐਸਐਸ ਸਟੇਟ ਲਾਈਜ਼ਨ ਅਫਸਰ, ਚੰਡੀਗੜ੍ਹ ਪ੍ਰਸ਼ਾਸਨ, ਨੇ ਮੁੱਖ ਮਹਿਮਾਨ ਵਜੋਂ ਸਮਾਗਮ ਦੀ ਸ਼ੋਭਾ ਵਧਾਈ, ਜਦੋਂ ਕਿ ਡਾ. ਕੇ. ਗਿਰੀਸ਼, ਵਿਭਾਗ ਮੁਖੀ, ਲੋਕ ਪ੍ਰਸ਼ਾਸਨ ਵਿਭਾਗ, ਆਰਜੀਐਨਆਈਵਾਈਡੀ, ਮਹਿਮਾਨ ਵਜੋਂ ਮੌਜੂਦ ਸਨ। ਸਮਾਰੋਹ ਦੌਰਾਨ ਮੱਧ ਪ੍ਰਦੇਸ਼ ਦੇ ਭਾਗੀਦਾਰਾਂ ਦੁਆਰਾ ਪੇਸ਼ ਕੀਤੇ ਗਏ ਰੰਗੀਨ ਸੱਭਿਆਚਾਰਕ ਪ੍ਰਦਰਸ਼ਨਾਂ ਨੇ ਰਾਜ ਦੀਆਂ ਅਮੀਰ ਲੋਕ ਪਰੰਪਰਾਵਾਂ ਅਤੇ ਸੱਭਿਆਚਾਰਕ ਵਿਰਾਸਤ ਨੂੰ ਪ੍ਰਦਰਸ਼ਿਤ ਕੀਤਾ। ਇਸ ਦੌਰਾਨ, ਮਾਈ ਭਾਰਤ ਦੇ ਵਲੰਟੀਅਰਾਂ ਅਤੇ ਡੀਏਵੀ ਕਾਲਜ, ਸੈਕਟਰ 10, ਚੰਡੀਗੜ੍ਹ ਦੇ ਵਿਦਿਆਰਥੀਆਂ ਨੇ ਰਵਾਇਤੀ ਲੋਕ ਨਾਚਾਂ ਰਾਹੀਂ ਹਰਿਆਣਾ ਅਤੇ ਪੰਜਾਬ ਦੀਆਂ ਸੱਭਿਆਚਾਰਕ ਝਲਕੀਆਂ ਪੇਸ਼ ਕੀਤੀਆਂ, ਜੋ ਭਾਰਤ ਦੀ ਵਿਭਿੰਨਤਾ ਵਿੱਚ ਏਕਤਾ ਨੂੰ ਉਜਾਗਰ ਕਰਦੀਆਂ ਹਨ। ਇਸ ਸਮਾਗਮ ਨੂੰ ਸੰਬੋਧਨ ਕਰਦੇ ਹੋਏ, ਮਾਈ ਭਾਰਤ, ਚੰਡੀਗੜ੍ਹ ਦੇ ਜ਼ਿਲ੍ਹਾ ਯੁਵਾ ਅਧਿਕਾਰੀ, ਸ਼੍ਰੀ ਵਿਨੈ ਕੁਮਾਰ ਨੇ ਅੰਤਰ-ਰਾਜੀ ਯੁਵਾ ਆਦਾਨ-ਪ੍ਰਦਾਨ ਪ੍ਰੋਗਰਾਮਾਂ ਦੀ ਮਹੱਤਤਾ 'ਤੇ ਚਾਨਣਾ ਪਾਇਆ, ਇਹ ਨੋਟ ਕਰਦੇ ਹੋਏ ਕਿ ਅਜਿਹੇ ਪ੍ਰੋਗਰਾਮ ਰਾਸ਼ਟਰੀ ਏਕਤਾ, ਸੱਭਿਆਚਾਰਕ ਸਮਝ ਅਤੇ ਯੁਵਾ ਲੀਡਰਸ਼ਿਪ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਦੱਸਿਆ ਕਿ ਅਜਿਹੀਆਂ ਪਹਿਲਕਦਮੀਆਂ ਵੱਖ-ਵੱਖ ਰਾਜਾਂ ਦੇ ਨੌਜਵਾਨਾਂ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਕੇ ਰਾਸ਼ਟਰ ਨਿਰਮਾਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ।

# ਪ੍ਰੀਕਸ਼ਾ ਪੇ ਚਰਚਾ-2026 ਦਾ ਕੇਂਦਰੀਕ੍ਰਿਤ ਪ੍ਰਸਾਰਣ

ਚੰਡੀਗੜ੍ਹ, 6 ਫਰਵਰੀ (ਚ.ਨ.ਸ.) : ਪਰੀਕਸ਼ਾ ਪੇ ਚਰਚਾ 2026 ਦਾ ਕੇਂਦਰੀਕ੍ਰਿਤ ਪ੍ਰਸਾਰਣ ਪੀਐਮ ਸ਼੍ਰੀ ਗੌਰਮਿੰਟ ਗਰਲਜ਼ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ 18 ਵਿਖੇ ਮਾਨਯੋਗ ਮੁੱਖ ਸਕੱਤਰ, ਸ਼੍ਰੀ ਐਚ. ਰਾਜੇਸ਼ ਪ੍ਰਸਾਦ, ਆਈਏਐਸ ਦੀ ਅਗਵਾਈ ਹੇਠ ਕੀਤਾ ਗਿਆ। ਇਸ ਪ੍ਰੋਗਰਾਮ ਨੇ ਦੇਸ਼



ਭਰ ਦੇ ਵਿਦਿਆਰਥੀਆਂ ਨੂੰ ਇੱਕ ਪ੍ਰੇਰਨਾਦਾਇਕ ਅਤੇ ਸਸ਼ਕਤੀਕਰਨ ਸੰਦੇਸ਼ ਦਿੱਤਾ, ਜਿਸਦਾ ਮੁੱਖ ਵਿਚਾਰ ਮਨ ਨੂੰ ਜੋੜੋ, ਮਨ ਨੂੰ ਜੋਤੋ ਸੀ - ਮਨ ਨੂੰ ਇਕਾਗਰ ਕਰਨਾ ਅਤੇ ਅਨੁਸ਼ਾਸਿਤ ਯਤਨਾਂ ਨਾਲ ਟੀਚੇ 'ਤੇ ਧਿਆਨ ਕੇਂਦਰਿਤ ਕਰਨਾ। ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਦੀ ਜ਼ਿੰਮੇਵਾਰੀ ਲੈਣ, ਸਵੈ-ਪ੍ਰੇਰਿਤ ਰਹਿਣ ਅਤੇ ਅਕਾਦਮਿਕ ਅਤੇ ਨਿੱਜੀ ਜੀਵਨ ਵਿਚਕਾਰ ਸੰਤੁਲਨ ਬਣਾਈ ਰੱਖਣ ਲਈ ਉਤਸ਼ਾਹਿਤ ਕੀਤਾ ਗਿਆ। ਇੱਕ ਅਸਾਮੀ ਗਮਛਾ ਦੀ ਪ੍ਰਤੀਕਾਤਮਕ ਪੇਸ਼ਕਾਰੀ ਮਹਿਲਾ ਸਸ਼ਕਤੀਕਰਨ ਅਤੇ ਭਾਰਤ ਦੀ ਅਮੀਰ ਸੱਭਿਆਚਾਰਕ ਵਿਰਾਸਤ ਪ੍ਰਤੀ ਸਤਿਕਾਰ ਦਾ ਪ੍ਰਤੀਕ ਸੀ। ਸੰਵਾਦ ਨੇ ਸਿੱਖਿਆ, ਖੇਡਾਂ ਅਤੇ ਨਿਰੰਤਰ ਹੁਨਰ ਵਿਕਾਸ ਵਿਚਕਾਰ ਸੰਤੁਲਨ ਬਣਾਈ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਜਿਸ ਵਿੱਚ ਹੁਨਰਾਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਸੀ - ਜੀਵਨ ਹੁਨਰ ਅਤੇ ਕਿੱਤਾਮੁਖੀ ਹੁਨਰ - ਅਤੇ ਦੋਵਾਂ ਦੇ ਯੋਜਨਾਬੱਧ ਵਿਕਾਸ 'ਤੇ ਜ਼ੋਰ ਦਿੱਤਾ ਗਿਆ।

ਕਬੀਰਾ ਜਬ ਹਮ ਆਏ ਜਗਤ ਮੇਂ, ਜਗ ਹੱਸਾ ਹਮ ਰੋਏ,
ਐਸੀ ਕਰਨੀ ਕਰ ਚਲੇ ਹਮ ਹੱਸੇ ਜਗ ਰੋਏ।
ਰਾਮ ਰਾਮ
ਪਾਠ ਦਾ ਭੋਗ
ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ
ਕਿ ਸਾਡੇ ਅਤਿ ਸਤਿਕਾਰਯੋਗ ਮਾਤਾ ਜੀ



ਸਵ. ਸ਼ਸ਼ੀ ਬਾਲਾ
ਜੋ ਕਿ ਮਿਤੀ 29 ਜਨਵਰੀ, 2026 ਦਿਨ ਵੀਰਵਾਰ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ
ਪਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ, ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ
ਗਰੁੜ ਪੁਰਾਣ ਦੇ ਪਾਠ ਦਾ ਭੋਗ
ਮਿਤੀ 08.02.2026 ਦਿਨ ਐਤਵਾਰ ਨੂੰ
ਮਾਤਾ ਵੈਸ਼ਨੂੰ ਦੇਵੀ ਮੰਦਿਰ
ਆਤਮ ਨਗਰ, ਮਾਡਲ ਟਾਊਨ, ਲੁਧਿਆਣਾ ਵਿਖੇ ਦੁਪਹਿਰ 1.00 ਤੋਂ 2.00 ਵਜੇ ਤੱਕ ਪਵੇਗਾ।
ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।
ਪਰਮਾਤਮਾ ਦੇ ਭਾਣੇ ਵਿੱਚ
ਲਖਵਿੰਦਰ ਕੌਸ਼ਲ (ਪੁੱਤਰ)
ਮਮਤਾ ਰਾਣੀ (ਨੂੰਹ) (ਕੌਂਸਲਰ ਵਾਰਡ ਨੰ. 41)
ਮਨੀ ਭਗਤ (ਸੇਵਾਦਾਰ ਵਾਰਡ ਨੰ. 41)
ਕੁਲਦੀਪ ਸਿੰਘ ਬਿੱਟਾ (ਚੇਅਰਮੈਨ ਬਾਬਾ ਵਿਸ਼ਵਕਰਮਾ ਕਿਰਤੀ ਸਮਾਜ ਸਭਾ)
ਅਮਨ ਅਰੋੜਾ (ਪ੍ਰਧਾਨ 'ਆਪ' ਪੰਜਾਬ)
ਵਿਧਾਇਕ ਕੁਲਵੰਤ ਸਿੰਘ ਸਿੱਧੂ
ਮੇਅਰ ਇੰਦਰਜੀਤ ਕੌਰ
ਸੋਹਣ ਸਿੰਘ ਗੋਗਾ (ਕੌਂਸਲਰ)
ਪੰਕਜ ਸ਼ਾਰਦਾ (ਚੇਅਰਮੈਨ ਬ੍ਰਾਹਮਣ ਕਲਿਆਣ ਬੋਰਡ)
ਪ੍ਰਭਪ੍ਰੀਤ ਕੌਰ ਧੁੰਨਾ (ਕੌਂਸਲਰ)
ਕੋਮਲਪ੍ਰੀਤ ਸਚਦੇਵਾ (ਕੌਂਸਲਰ)
ਯੁਵਰਾਜ ਸਿੱਧੂ (ਕੌਂਸਲਰ)
ਊਸ਼ਾ ਕਲਿਆਣ (ਕੌਂਸਲਰ)
ਰਾਜ ਐਂਡ ਕੰਪਨੀ




# ਬੀਬੀ ਕੌਲਾਂ ਜੀ ਭਲਾਈ ਕੇਂਦਰ ਵਿਖੇ ਬਾਬਾ ਕੁੰਦਨ ਸਿੰਘ ਦਾ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ

## ਬਾਬਾ ਕੁੰਦਨ ਸਿੰਘ ਨੇ 48 ਸਾਲ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਸੇਵਾ ਨਿਭਾਈ: ਭਾਈ ਗੁਰਇਕਬਾਲ ਸਿੰਘ



ਅੰਮ੍ਰਿਤਸਰ, 6 ਫਰਵਰੀ (ਬਬਲੂ ਮਹਾਜਨ) : ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵਿਖੇ ਨਾਨਕਸਰ ਸੰਪਰਦਾ ਦੇ ਮਹਾਨ ਤਪੱਸਵੀ ਬਾਬਾ ਕੁੰਦਨ ਸਿੰਘ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਕਰਵਾਏ ਗਏ ਵਿਸ਼ੇਸ਼ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਗੁਰੂ ਜਸ ਸਰਵਣ ਕੀਤਾ।**ਕਥਾ ਕੀਰਤਨ ਅਤੇ ਸੇਵਾ ਦਾ ਸੰਦੇਸ਼** ਸਮਾਗਮ ਦੀ ਆਰੰਭਤਾ ਸ੍ਰੀ ਜਪੁਜੀ ਸਾਹਿਬ ਅਤੇ ਚੌਪਈ ਸਾਹਿਬ ਜੀ ਦੇ ਸੰਗਤ ਰੂਪੀ ਪਾਠਾਂ ਨਾਲ ਹੋਈ। ਇਸ ਉਪਰੰਤ ਭਾਈ ਗੁਰਦੀਪ ਸਿੰਘ ਲਾਲਾ ਅਤੇ ਭਾਈ ਹਰਵਿੰਦਰਪਾਲ ਸਿੰਘ ਲਿਟਲ ਦੇ ਜੱਥਿਆਂ ਨੇ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨੇ ਕਥਾ ਕੀਰਤਨ ਰਾਹੀਂ ਬਾਬਾ ਕੁੰਦਨ ਸਿੰਘ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਘਾਲਣਾ 'ਤੇ ਚਾਨਣਾ ਪਾਇਆ। **ਬਾਬਾ ਜੀ ਦਾ ਮਹਾਨ ਜੀਵਨ** ਭਾਈ ਗੁਰਇਕਬਾਲ ਸਿੰਘ ਜੀ ਨੇ ਸੰਗਤਾਂ ਨਾਲ ਸਾਂਝ ਪਾਉਂਦਿਆਂ ਦੱਸਿਆ ਕਿ ਬਾਬਾ ਕੁੰਦਨ ਸਿੰਘ ਜੀ ਬੇਅੰਤ ਬਖਸ਼ਿਸ਼ਾਂ ਦੇ ਮਾਲਕ ਅਤੇ ਦਿਲਾਂ ਦੀਆਂ ਜਾਨਣ ਵਾਲੀ ਰੂਹ ਸਨ। ਉਨ੍ਹਾਂ ਦੱਸਿਆ ਕਿ ਬਾਬਾ ਜੀ ਨੇ ਲਗਾਤਾਰ 48 ਸਾਲ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਰੋਜ਼ਾਨਾ 13 ਵਾਰ ਸੇਵਾ ਦੀਆਂ ਹਾਜ਼ਰੀਆਂ ਭਰ ਕੇ ਇੱਕ ਵਿਲੱਖਣ ਮਿਸਾਲ ਪੈਦਾ ਕੀਤੀ। ਉਨ੍ਹਾਂ ਦਾ ਜੀਵਨ ਪੂਰੀ ਤਰ੍ਹਾਂ ਗੁਰੂ ਚਰਨਾਂ ਅਤੇ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਸੀ।**ਵਿਸ਼ਵ ਭਰ ਵਿੱਚ ਮਾਨਤਾ** ਭਾਈ ਸਾਹਿਬ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਗੁਰਦੁਆਰਾ ਨਾਨਕਸਰ ਕਲੇਰਾਂ ਵਿਖੇ ਬਾਬਾ ਕੁੰਦਨ ਸਿੰਘ ਜੀ ਦਾ ਜਨਮ ਦਿਹਾੜਾ ਹਰ ਸਾਲ ਬਹੁਤ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ, ਜਿੱਥੇ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਨਤਮਸਤਕ ਹੋਣ ਪਹੁੰਚਦੀਆਂ ਹਨ।ਸਮਾਗਮ ਦੀ ਸਮਾਪਤੀ 'ਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ। ਟਰੱਸਟ ਵੱਲੋਂ ਆਈਆਂ ਹੋਈਆਂ ਸੰਗਤਾਂ ਅਤੇ ਰਾਗੀ ਜੱਥਿਆਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਰਣਜੀਤ ਸਿੰਘ ਗੋਲਡੀ ਮਨਦੀਪ ਸਿੰਘ ਭੋਲੂ ਹਰਪ੍ਰੀਤ ਸਿੰਘ ਪ੍ਰੀਤ ਦਲਬੀਰ ਸਿੰਘ ਜੇ ਅਸੀਂ ਖਬਰਾਂ ਸਮੇਤ ਵੱਡੀ ਗਿਣਤੀ ਦੇ ਸੰਗਤਾਂ ਹਾਜ਼ਰ ਸਨ।

# ਅਰਦਾਸ ਮਨੁੱਖ ਨੂੰ ਆਤਮਿਕ ਸ਼ਕਤੀ ਪ੍ਰਦਾਨ ਕਰਦੀ ਹੈ : ਛੀਨਾ

## ਖ਼ਾਲਸਾ ਕਾਲਜ ਪਬਲਿਕ ਸਕੂਲ, ਜੀ. ਟੀ. ਰੋਡ 'ਚ ਪੜ੍ਹੇ ਬੱਚੇ ਉਚ ਮੁਕਾਮ 'ਤੇ ਪੁੱਜੇ



ਅੰਮ੍ਰਿਤਸਰ, 6 ਫਰਵਰੀ (ਬਬਲੂ ਮਹਾਜਨ): ਅਰਦਾਸ ਮਨੁੱਖ ਨੂੰ ਆਤਮਿਕ ਸ਼ਕਤੀ ਪ੍ਰਦਾਨ ਕਰਦੀ ਹੈ ਅਤੇ ਜ਼ਿੰਦਗੀ 'ਚ ਅਗਾਂਹ ਵੱਧਣ ਲਈ ਪ੍ਰੇਰਿਤ ਕਰਦੀ ਹੈ। ਖ਼ਾਲਸਾ ਕਾਲਜ ਪਬਲਿਕ ਸਕੂਲ, ਜੀ. ਟੀ. ਰੋਡ ਇਕ ਅਜਿਹੀ ਸੰਸਥਾ ਹੈ, ਜਿੱਥੋਂ ਹਜ਼ਾਰਾਂ ਬੱਚੇ ਪੜ੍ਹ-ਲਿਖ ਕੇ ਅੱਜ ਉਚ ਅਹੁੱਦਿਆਂ 'ਤੇ ਬਿਰਾਜਮਾਨ ਹਨ, ਉਹ ਭਾਵੇਂ ਦੇਸ਼ ਹੋਵੇ ਜਾਂ ਫ਼ਿਰ ਵਿਦੇਸ਼। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਉਕਤ ਸਕੂਲ ਵਿਖੇ ਵਿਦਿਆਰਥੀਆਂ ਦੇ ਸਾਲਾਨਾ ਇਮਤਿਹਾਨਾਂ 'ਚ ਚੰਗੀ ਕਾਰਗੁਜ਼ਾਰੀ ਲਈ ਅਸ਼ੀਰਵਾਦ ਲੈਣ ਸਬੰਧੀ ਪ੍ਰਮਾਤਮਾ ਦਾ ਓਟ ਆਸਰਾ ਲੈਂਦਿਆਂ ਕੌਂਸਲ ਦੀ ਪ੍ਰੰਪਰਾ ਅਨੁਸਾਰ ਕਰਵਾਏ ਜਾਂਦੇ ਧਾਰਮਿਕ ਸਮਾਗਮ ਅਰਦਾਸ ਦਿਵਸ ਮੌਕੇ ਕੀਤਾ।ਇਸ ਤੋਂ ਪਹਿਲਾਂ ਸਕੂਲ ਵਿਖੇ ਪਰਸੋਂ ਤੋਂ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸਿੰਘ ਸਾਹਿਬ ਗਿਆਨੀ ਭਾਈ ਪਰਮਿੰਦਰ ਸਿੰਘ ਗ੍ਰੰਥੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੁਆਰਾ ਗੁਰਮਤਿ ਵਿਚਾਰਾਂ ਰਾਹੀਂ ਵਿਦਿਆਰਥੀਆਂ ਨੂੰ ਪ੍ਰੀਖਿਆ ਅਤੇ ਸਮਾਜ ਪ੍ਰਤੀ ਆਪਣਾ ਵੱਡਮੁੱਲਾ ਯੋਗਦਾਨ ਪਾਉਣ ਅਤੇ ਪੜ੍ਹਾਈ ਦੀ ਜੀਵਨ 'ਚ ਮਹੱਤਤਾ ਸਬੰਧੀ ਪ੍ਰੇਰਿਤ ਕੀਤਾ। ਇਸ ਮੌਕੇ ਸ: ਛੀਨਾ ਨੇ ਕਿਹਾ ਕਿ ਖਾਲਸਾ ਸੰਸਥਾਵਾਂ ਦਾ ਮੁੱਖ ਉਦੇਸ਼ ਸਿੱਖਿਆ ਦੇ ਨਾਲ-ਨਾਲ ਆਦਰਸ਼ ਮੁੱਲਾਂ ਦੀ ਪ੍ਰਚਾਰਨਾ ਕਰਨਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਮਿਹਨਤ, ਅਨੁਸ਼ਾਸਨ ਅਤੇ ਸੱਚਾਈ ਦੇ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਸਿਰਫ਼ ਪਾਠਕ੍ਰਮਕ ਸਿੱਖਿਆ ਹੀ ਨਹੀਂ ਸਗੋਂ ਨੈਤਿਕ ਮੁੱਲਾਂ ਅਤੇ ਸੰਸਕਾਰਾਂ ਨੂੰ ਵੀ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਅਮਰਜੀਤ ਸਿੰਘ ਗਿੱਲ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ: ਛੀਨਾ ਦੀ ਰਹਿਨੁਮਾਈ ਹੇਠ ਸਕੂਲ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਆਤਮਿਕ ਸਮਾਗਮ ਵਿਦਿਆਰਥੀਆਂ 'ਚ ਏਕਤਾ, ਅਨੁਸ਼ਾਸਨ ਅਤੇ ਸਾਂਝੀ ਜ਼ਿੰਮੇਵਾਰੀ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ ਅਤੇ ਇਹ ਪ੍ਰੰਪਰਾ ਭਵਿੱਖ 'ਚ ਵੀ ਜਾਰੀ ਰਹੇਗੀ। ਇਸ ਮੌਕੇ ਸ: ਗਿੱਲ ਨੇ ਸਕੂਲ ਵਿਦਿਆਰਥੀਆਂ ਦੇ ਸ਼ਾਨਦਾਰ ਨਤੀਜਿਆਂ ਅਤੇ ਖੇਡਾਂ ਦੇ ਖੇਤਰ 'ਚ ਮਾਰੀਆ ਮੱਲ੍ਹਾਂ ਬਾਰੇ ਚਾਨਣਾ ਪਾਇਆ। ਇਸ ਮੌਕੇ ਪ੍ਰਿੰ: ਸ: ਗਿੱਲ ਨੇ ਸ: ਛੀਨਾ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਖਾਲਸਾ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਖੁਸ਼ਵਿੰਦਰ ਕੁਮਾਰ, ਕੌਂਸਲ ਦੇ ਜੁਆਇੰਟ ਸਕੱਤਰ ਸ: ਸੰਤੋਖ ਸਿੰਘ ਸੇਠੀ, ਸ: ਲਖਵਿੰਦਰ ਸਿੰਘ ਢਿੱਲੋਂ, ਮੈਂਬਰ ਸ: ਸਰਬਜੀਤ ਸਿੰਘ ਹੁਸ਼ਿਆਰ ਨਗਰ, ਖ਼ਾਲਸਾ ਕਾਲਜ ਆਫ਼ ਨਰਸਿੰਗ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ, ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ, ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਪ੍ਰਿੰਸੀਪਲ ਸ੍ਰੀਮਤੀ ਨਿਰਮਲਜੀਤ ਕੌਰ ਗਿੱਲ, ਖ਼ਾਲਸਾ ਕਾਲਜ ਪਬਲਿਕ ਸਕੂਲ, ਹੇਰ ਪ੍ਰਿੰਸੀਪਲ ਸ੍ਰੀਮਤੀ ਗੁਰਿੰਦਰਜੀਤ ਕੌਰ ਕੰਬੋਜ, ਪਵਨਦੀਪ, ਪਲਵਿੰਦਰ ਸਿੰਘ, ਵਿਸ਼ਾਲ, ਗੁਰਪ੍ਰੀਤ ਸਿੰਘ ਤੋਂ ਇਲਾਵਾ ਹੋਰ ਸਟਾਫ਼, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪੇ ਹਾਜ਼ਰ ਸਨ।

# ਸ੍ਰੀ ਹਰਿਮੰਦਰ ਸਾਹਿਬ ਦੇ ਸੇਵਾਦਾਰਾਂ ਦੀ ਵਰਦੀ 'ਚ ਸੰਗਤਾਂ ਦੀ ਸਹੂਲਤ ਲਈ ਤਬਦੀਲੀ



ਅੰਮ੍ਰਿਤਸਰ, 6 ਫਰਵਰੀ (ਬਬਲੂ ਮਹਾਜਨ): ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਤਾਦਾਦ ਵਿਚ ਸੰਗਤਾਂ ਪਰਿਵਾਰਾਂ ਸਮੇਤ ਨਤਮਸਤਕ ਹੋਣ ਲਈ ਪਹੁੰਚਦੀਆਂ ਹਨ। ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਾਗੂ ਹੋਣ ਵਾਲੀ ਮਰਿਆਦਾ ਨੂੰ ਹੋਰਨਾਂ ਧਾਰਮਿਕ ਸਥਾਨਾਂ 'ਤੇ ਲਾਗੂ ਕੀਤਾ ਜਾਂਦਾ ਹੈ। ਵੱਡਾ ਪ੍ਰਬੰਧ ਹੋਣ ਕਾਰਨ ਇਥੇ ਆਏ ਦਿਨ ਤਬਦੀਲੀਆਂ ਕੀਤੀਆਂ ਜਾਂਦੀਆਂ ਹਨ। ਇਸੇ ਕੜੀ ਤਹਿਤ ਪਰਿਕਰਮਾ ਵਿਚ ਤਾਇਨਾਤ ਸੇਵਾਦਾਰਾਂ ਨੂੰ ਪ੍ਰਬੰਧਕਾਂ ਵੱਲੋਂ ਹਰ ਸਾਲ ਗਰਮੀ ਤੇ ਸਰਦੀ ਦੇ ਮੌਸਮ ਲਈ ਵਰਦੀ ਦਿੱਤੀ ਜਾਂਦੀ ਹੈ। ਹੈਰਾਨੀ ਦੀ ਗੱਲ ਹੈ ਕਿ ਜਦੋਂ ਵੀ ਕੋਈ ਮੈਨੇਜਰ ਬਦਲਦਾ ਹੈ, ਉਹ ਆਪਣੀ ਸੋਚ ਮੁਤਾਬਿਕ ਸੇਵਾਦਾਰਾਂ ਲਈ ਵਰਦੀਆਂ ਦੇ ਰੰਗ ਵੀ ਬਦਲ ਦਿੰਦਾ ਹੈ। ਪਹਿਲਾਂ ਤੋਂ ਚਲਦੀ ਆ ਰਹੀ ਪੀਲੇ ਅਤੇ ਨੀਲੇ ਰੰਗ ਦੇ ਚੋਹਲੇ, ਚਿੱਟੀ ਪਜਾਮੀ, ਪੀਲੀਆਂ, ਨੀਲੀਆਂ ਤੇ ਕਾਲੀਆਂ ਦਸਤਾਰਾਂ ਅਤੇ ਕਮਕਸੇ ਵਾਲੀ ਬੈਲਟ ਤੇ ਹੱਥ ਵਿਚ ਬਰਸ਼ਾ ਸੇਵਾਦਾਰ ਦੀ ਪਛਾਣ ਰਹੀ ਹੈ। ਹੁਣ ਇਸ ਪੀਲੇ ਅਤੇ ਨੀਲੇ ਰੰਗ ਦੇ ਚੋਹਲੇ ਦਾ ਰੰਗ ਗੂੜਾ ਕਰਕੇ ਚਿੱਟੀ ਪਜਾਮੀ ਦੇ ਨਾਲ ਨੀਲੇ ਚੋਹਲੇ ਨਾਲ ਪੀਲੀ ਅਤੇ ਪੀਲੇ ਚੋਹਲੇ ਨਾਲ ਨੀਲੀ ਦਸਤਾਰ ਅਤੇ ਕਮਕਸੇ ਵਾਲੀ ਬੈਲਟ ਤੇ ਹੱਥ ਵਿਚ ਬਰਸ਼ਾ ਸੇਵਾਦਾਰ ਦੀ ਪਛਾਣ ਬਣਾਈ ਹੈ। ਸੇਵਾਦਾਰ 2 ਦਿਨ ਪੀਲਾ ਤੇ ਦੋ ਦਿਨ ਨੀਲਾ ਚੋਹਲਾ ਪਾ ਕੇ ਡਿਊਟੀ 'ਤੇ ਤਾਇਨਾਤ ਹੋਣਗੇ। ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਸੰਗਤਾਂ ਨੂੰ ਸੇਵਾਦਾਰਾਂ ਦੀ ਪਛਾਣ ਕਰਨੀ ਅਸਾਨ ਹੋਵੇ ਇਸ ਲਈ ਸੇਵਾਦਾਰਾਂ ਦੀ ਵਰਦੀ ਦਾ ਰੰਗ ਨਿਵੇਕਲਾ ਕੀਤਾ ਗਿਆ ਹੈ।

# ਪੰਜਾਬ ਸਰਕਾਰ ਵੱਲੋਂ ਖੇਡ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਲਈ 3,100 ਸਟੇਡੀਅਮ ਬਣਾਏ ਜਾ ਰਹੇ ਹਨ : ਧਾਲੀਵਾਲ



ਅੰਮ੍ਰਿਤਸਰ, 6 ਫਰਵਰੀ ( ਗੁਰਦਿਆਲ ਸਿੰਘ) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਲਈ ਸੂਬੇ ਭਰ ਵਿੱਚ ਖੇਡ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਲਈ 1,350 ਕਰੋੜ ਦੀ ਲਾਗਤ ਨਾਲ 3,100 ਸਟੇਡੀਅਮ ਬਣਾਏ ਜਾ ਰਹੇ ਹਨ, ਜਿਨ੍ਹਾਂ ਦਾ ਕੰਮ ਇਸ ਸਾਲ ਮੁਕੰਮਲ ਕਰਨ ਦਾ ਟੀਚਾ ਮਿੱਥਿਆ ਗਿਆ ਹੈ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਵਿਧਾਨ ਸਭਾ ਹਲਕਾ ਅਜਨਾਲਾ ਦੇ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਇੱਕ ਵਿਆਪਕ ਪੈਕੇਜ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਵਿੱਚ ਰਾਜ ਭਰ ਵਿੱਚ ਲਗਭਗ 3,000 ਥਾਵਾਂ ਤੇ ਅਤਿ-ਆਧੁਨਿਕ ਜਿੰਮ ਸਥਾਪਤ ਕਰਨਾ, 50 ਕਰੋੜ ਰੁਪਏ ਦੀ ਲਾਗਤ ਨਾਲ 17,000 ਖੇਡ ਕਿੱਟਾਂ ਦੀ ਵੰਡ, ਇੱਕ ਵਿਆਪਕ ਖੇਡ ਪੋਰਟਲ ਦੀ ਸ਼ੁਰੂਆਤ ਅਤੇ 43 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਨਵਾਂ ਯੁਵਾ ਭਵਨ ਦੀ ਉਸਾਰੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਦਾ ਮੁੱਖ ਉਦੇਸ ਪੰਜਾਬ ਦੇ ਨੌਜਵਾਨਾਂ ਦੀ ਅਥਾਹ ਊਰਜਾ ਨੂੰ ਸਕਾਰਾਤਮਕ ਦਿਸ਼ਾ ਵੱਲ ਲਗਾਉਣਾ ਅਤੇ ਉਨ੍ਹਾਂ ਨੂੰ ਨਸ਼ਿਆਂ ਦੇ ਖਤਰੇ ਤੋਂ ਦੂਰ ਰੱਖਣਾ ਹੈ।ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਨਵੀਂ ਖੇਡ ਨੀਤੀ-2023 ਮੁਤਾਬਕ ਸੂਬੇ ਭਰ ਦੇ ਪਿੰਡਾਂ ਵਿੱਚ ਇਹ ਸਟੇਡੀਅਮ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਟੇਡੀਅਮਾਂ ਤੇ 1350 ਕਰੋੜ ਰੁਪਏ ਖਰਚ ਕੀਤੇ ਜਾਣਗੇ, ਜਿਨ੍ਹਾਂ ਵਿੱਚ ਚਾਰਦੀਵਾਰੀ, ਗੇਟ, ਜੌਗਿੰਗ ਟਰੈਕ, ਪੱਧਰਾ ਖੇਡ ਦਾ ਮੈਦਾਨ, ਰੁੱਖ, ਵਾਲੀਬਾਲ ਕੋਰਟ, ਸਟੋਰ ਅਤੇ ਹੋਰ ਸ਼ਾਮਲ ਹਨ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ 50 ਕਰੋੜ ਰੁਪਏ ਦੀ ਲਾਗਤ ਨਾਲ ਖਿਡਾਰੀਆਂ ਨੂੰ 17000 ਖੇਡ ਕਿੱਟਾਂ ਵੰਡੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਕਿੱਟਾਂ ਵਿੱਚ ਵਾਲੀਬਾਲ ਅਤੇ ਫੁੱਟਬਾਲ (ਹਰੇਕ ਲਈ ਤਿੰਨ ਵਾਲੀਬਾਲ ਅਤੇ ਫੁੱਟਬਾਲ ਅਤੇ ਦੋ ਨੈੱਟ), ਕ੍ਰਿਕਟ ਲਈ ਦੋ ਬੱਲੇ, ਵਿਕਟ, ਛੇ ਟੈਨਿਸ ਗੇਂਦਾਂ ਸ਼ਾਮਲ ਹੋਣਗੀਆਂ।। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਦੇ ਹਰ ਯਤਨ ਦਾ ਉਦੇਸ ਨੌਜਵਾਨਾਂ ਦੀ ਅਥਾਹ ਊਰਜਾ ਨੂੰ ਸਕਾਰਾਤਮਕ ਦਿਸਾ ਵੱਲ ਲਿਜਾਣਾ ਹੈ, ਤਾਂ ਜੋ ਉਨ੍ਹਾਂ ਨੂੰ ਨਸ਼ਿਆਂ ਦੇ ਖਤਰੇ ਤੋਂ ਦੂਰ ਰੱਖਿਆ ਜਾ ਸਕੇ।

# 'ਸਾਡੇ ਬਜ਼ੁਰਗ, ਸਾਡਾ ਮਾਣ' ਤਹਿਤ ਵਿਸ਼ੇਸ਼ ਕੈਂਪ ਅੱਜ

ਅੰਮ੍ਰਿਤਸਰ, 6 ਫਰਵਰੀ (ਗੁਰਦਿਆਲ ਸਿੰਘ ) : ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਅੰਮ੍ਰਿਤਸਰ ਦੇ ਸਹਿਯੋਗ ਨਾਲ 'ਸਾਡੇ ਬਜ਼ੁਰਗ, ਸਾਡਾ ਮਾਣ' ਮੁਹਿੰਮ ਤਹਿਤ ਸੀਨੀਅਰ ਸਿਟੀਜ਼ਨ ਦੀ ਭਲਾਈ ਸਬੰਧੀ ਇੱਕ ਵਿਸ਼ੇਸ਼ ਕੈਂਪ 7 ਫਰਵਰੀ 2026 ਸਵੇਰੇ 10:00 ਵਜੇ ਜਗਦੀਸ਼ ਸਦਨ ਹਾਲ, ਡਲੀਆਣਾ ਮੰਦਰ, ਜੰਡਿਆਲਾ ਗੁਰੂ ਵਿਖੇ ਲਗਾਇਆ ਜਾਵੇਗਾ।'ਸਾਡੇ ਬਜ਼ੁਰਗ, ਸਾਡਾ ਮਾਣ' ਮੁਹਿੰਮ ਤਹਿਤ ਲੱਗਣ ਵਾਲੇ ਵਿਸ਼ੇਸ਼ ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਐਸ.ਡੀ.ਐਮ. ਅੰਮ੍ਰਿਤਸਰ-1, ਸ੍ਰੀ ਅਮਨਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ 7 ਫਰਵਰੀ ਨੂੰ ਲੱਗਣ ਵਾਲੇ ਇਸ ਕੈਂਪ ਵਿੱਚ ਸਿਹਤ ਵਿਭਾਗ ਵੱਲੋਂ ਮੈਡੀਕਲ ਕੈਂਪ ਲਗਾ ਕੇ ਬਜ਼ੁਰਗਾਂ ਦਾ ਮੈਡੀਕਲ ਚੈੱਕਅਪ, ਅੱਖਾਂ ਦਾ ਚੈਕਅੱਪ, ਨੱਕ ਦਾ ਚੈਕਅੱਪ, ਕੰਨ ਦਾ ਚੈਕਅੱਪ, ਗਲੇ ਦਾ ਚੈਕਅੱਪ, ਹੱਡੀਆਂ ਨਾਲ ਸਬੰਧਤ ਸਮੱਸਿਆਵਾਂ ਦਾ ਚੈਕਅੱਪ, ਫਿਜਿਓਥੈਰੇਪੀ, ਛਾਤੀ ਸਬੰਧੀ ਸਮੱਸਿਆਵਾਂ ਦਾ ਚੈੱਕਅੱਪ, ਖ਼ੂਨ ਅਤੇ ਸ਼ੂਗਰ ਦਾ ਚੈਕਅੱਪ ਕਰਨ ਉਪਰੰਤ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ। ਇਸ ਮੌਕੇ ਸੀ.ਐਮ. ਦੀ ਯੋਗਸ਼ਾਲਾ ਦੇ ਯੋਗਾ ਮਾਹਿਰਾਂ ਵੱਲੋਂ ਬਜ਼ੁਰਗਾਂ ਨੂੰ ਨਿਰੋਗ ਰਹਿਣ ਲਈ ਵੱਖ-ਵੱਖ ਯੋਗ ਆਸਣਾਂ ਦੀ ਜਾਣਕਾਰੀ ਵੀ ਦਿੱਤੀ ਜਾਵੇਗੀ।

# ਖਾਲਸਾ ਕਾਲਜ ਨੇ ਥੀਏਟਰ ਅਤੇ ਕੁਇਜ਼ ਵਿੱਚ ਨਾਰਥ ਜ਼ੋਨ ਵਿੱਚ ਵਿਸ਼ੇਸ਼ ਪ੍ਰਾਪਤੀ ਹਾਸਿਲ ਕੀਤੀ



ਅੰਮ੍ਰਿਤਸਰ, 6 ਫਰਵਰੀ ( ਬਬਲੂ ਮਹਾਜਨ): ਖਾਲਸਾ ਕਾਲਜ ਅੰਮ੍ਰਿਤਸਰ ਦੀਆਂ ਥੀਏਟਰ ਅਤੇ ਕੁਇਜ਼ ਟੀਮਾਂ ਨੇ 39ਵੇਂ ਏ.ਆਈ.ਯੂ ਦੇ ਇੰਟਰ ਯੂਨੀਵਰਸਿਟੀ ਨੌਰਥ ਜ਼ੋਨ ਯੂਥ ਫੈਸਟੀਵਲ 2026 ਵਿੱਚ ਜੀਐਨਡੀਯੂ ਦੀ ਨੁਮਾਇੰਦਗੀ ਕਰਦੇ ਹੋਏ ਇਤਿਹਾਸਕ ਪ੍ਰਾਪਤੀਆਂ ਕੀਤੀਆਂ। ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਸਲਾਹਕਾਰਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਥੀਏਟਰ ਦੇ ਖੇਤਰ ਵਿੱਚ ਕਾਲਜ ਦੀਆਂ ਅਮੀਰ ਪਰੰਪਰਾਵਾਂ ਨੇ ਪੰਜਾਬ ਦੇ ਥੀਏਟਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਡਾ. ਦਵਿੰਦਰ ਸਿੰਘ, ਡਾਇਰੈਕਟਰ, ਯੁਵਕ ਭਲਾਈ ਅਤੇ ਸੱਭਿਆਚਾਰਕ ਗਤੀਵਿਧੀਆਂ ਨੇ ਜਾਣਕਾਰੀ ਸਾਂਝੀ ਕੀਤੀ ਕਿ ਕਾਲਜ ਦੀਆਂ ਟੀਮਾਂ ਨੇ ਨੌਰਥ ਜ਼ੋਨ ਇੰਟਰਵਰਸਿਟੀ ਵਿੱਚ ਓਵਰਆਲ ਥੀਏਟਰ ਟਰਾਫੀ ਅਤੇ ਕੁਇਜ਼ ਟਰਾਫੀ ਜਿੱਤੀ, ਜਿਸ ਵਿੱਚ ਕਾਲਜ ਦੀ ਟੀਮ ਨੇ ਮਾਈਮ, ਸਕਿੱਟ ਅਤੇ ਮਿਮਿਕਰੀ ਵਿੱਚ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਕੰਟੀਨਜੈਂਟ ਇੰਚਾਰਜ ਡਾ. ਸੁਰਜੀਤ ਕੌਰ ਨੇ ਇਹ ਵੀ ਕਿਹਾ ਕਿ ਕਾਲਜ ਵਨ ਐਕਟ ਪਲੇ, ਜੋ ਕਿ ਬਾਈ ਯੂਨੀਵਰਸਿਟੀਆਂ ਵਿੱਚੋਂ ਚੌਥੇ ਸਥਾਨ 'ਤੇ ਰਿਹਾ, ਨੂੰ ਵੀ ਨੈਸ਼ਨਲ ਸਕੂਲ ਆਫ਼ ਡਰਾਮਾ (ਐਨਐਸਡੀ) ਦੁਆਰਾ ਰਾਸ਼ਟਰੀ ਮੁਕਾਬਲੇ ਅਦਵਿਤਿਆ-2026 ਲਈ ਚੁਣਿਆ ਗਿਆ ਹੈ। ਡਿਪਟੀ ਰਜਿਸਟਰਾਰ ਡਾ. ਦੀਪਕ ਦੇਵਗਨ, ਡਾ. ਸਾਵੰਤ ਸਿੰਘ ਤੋਂ ਇਲਾਵਾ, ਮੇਂਟਰਸ, ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਹਰਮਨਪ੍ਰੀਤ ਸਿੰਘ ਅਤੇ ਪ੍ਰੋ. ਸੁਖਵੀਰ ਸਿੰਘ, ਥੀਏਟਰ ਇੰਸਟ੍ਰਕਟਰ ਮਾਰਕਸ, ਸਾਜਨ ਸਿੰਘ ਵੀ ਮੌਜੂਦ ਸਨ।

# ਹਰੇਕ ਨਾਗਰਿਕ ਨੂੰ ਮਿਲੇਗਾ 10 ਲੱਖ ਦਾ ਮੁਫ਼ਤ ਇਲਾਜ, ਹਰਭਜਨ ਸਿੰਘ ਈਟੀਓ ਨੇ ਰਜਿਸਟ੍ਰੇਸ਼ਨ ਦਾ ਲਿਆ ਜਾਇਜ਼ਾ



ਜੰਡਿਆਲਾ ਗੁਰੂ/ ਅੰਮ੍ਰਿਤਸਰ, 6 ਫਰਵਰੀ ( ਗੁਰਦਿਆਲ ਸਿੰਘ ) : ਸੂਬੇ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਵੱਲੋਂ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਚੌਹਾਨ ਵਿਖੇ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ ਚੱਲ ਰਹੀ 10 ਲੱਖ ਰੁਪਏ ਦੀ ਮੁਫ਼ਤ ਸਿਹਤ ਬੀਮਾ ਯੋਜਨਾ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਦਾ ਮੌਕੇ 'ਤੇ ਜਾਇਜ਼ਾ ਲਿਆ ਗਿਆ। ਇਸ ਦੌਰਾਨ ਉਨ੍ਹਾਂ ਰਜਿਸਟ੍ਰੇਸ਼ਨ ਦੇ ਕੰਮ ਦੀ ਪ੍ਰਗਤੀ ਦੀ ਸਮੀਖਿਆ ਕੀਤੀ।ਇਸ ਮੌਕੇ ਹਾਜ਼ਰ ਲੋਕਾਂ ਨਾਲ ਗੱਲ ਕਰਦਿਆਂ ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਇਸ ਯੋਜਨਾ ਅਧੀਨ ਹਰ ਯੋਗ ਵਿਅਕਤੀ ਦਾ ਸਿਹਤ ਬੀਮਾ ਕਾਰਡ ਬਣਾਇਆ ਜਾਵੇਗਾ, ਜਿਸ ਰਾਹੀਂ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਦੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਸਿਹਤ ਨੂੰ ਸਭ ਤੋਂ ਵੱਡੀ ਤਰਜੀਹ ਦੇ ਰਹੀ ਹੈ ਅਤੇ ਲੋਕਾਂ ਨੂੰ ਘਰ ਦੇ ਨੇੜੇ ਉੱਚ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਵਿੱਚ 57 ਮੋਬਾਇਲ ਕੈਂਪ ਲਗਾਏ ਗਏ ਹਨ ਜਿੱਥੇ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਬਣਾਏ ਜਾ ਰਹੇ ਹਨ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਦਸਤਾਵੇਜ਼ ਲੈ ਕੇ ਇਨ੍ਹਾਂ ਕੈਂਪਾਂ ਵਿੱਚ ਪਹੁੰਚ ਕੇ ਸਮੇਂ ਸਿਰ ਆਪਣੀ ਰਜਿਸਟ੍ਰੇਸ਼ਨ ਕਰਵਾਉਣ।ਇਸ ਮੌਕੇ ਉਨ੍ਹਾਂ ਸਿਹਤ ਬੀਮਾ ਕਾਰਡ ਬਣਾਉਣ ਦੀ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਮੌਕੇ 'ਤੇ ਮੌਜੂਦ ਲੋਕਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਵੱਧ ਤੋਂ ਵੱਧ ਇਸ ਯੋਜਨਾ ਦਾ ਲਾਭ ਲੈਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਦਾ ਮੁੱਖ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਪੰਜਾਬ ਦਾ ਕੋਈ ਵੀ ਨਾਗਰਿਕ ਇਲਾਜ ਤੋਂ ਵਾਂਝਾ ਨਾ ਰਹੇ।

# ਗੰਨੇ ਤੋਂ ਵੱਧ ਝਾੜ ਲੈਣ ਲਈ ਨਵੀਆਂ ਤਕਨੀਕਾਂ ਸਬੰਧੀ ਕਿਸਾਨਾਂ ਲਈ ਸਿਖਲਾਈ ਕੈਂਪ



ਅੰਮ੍ਰਿਤਸਰ, 6 ਫਰਵਰੀ (ਗੁਰਦਿਆਲ ਸਿੰਘ): ਡਾ. ਸੇਨੂ ਦੁੱਗਲ (ਆਈ.ਏ.ਐਸ) ਐਮ.ਡੀ ਸ਼ੂਗਰਫੈੱਡ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੰਨਾ ਕਾਸ਼ਤਕਾਰਾਂ ਨਾਲ ਗੰਨੇ ਦੀ ਬਿਜਾਈ ਸਬੰਧੀ ਲਗਾਤਾਰ ਚੱਲ ਰਹੀਆਂ ਮੀਟਿੰਗਾਂ ਨਾਲ ਸਬੰਧਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਖੋਜ ਕੇਂਦਰ ਰੀਜਨਲ ਰਿਸਰਚ ਸਟੇਸ਼ਨ ਕਪੂਰਥਲਾ ਦੇ ਸਹਿਯੋਗ ਨਾਲ ਸਹਿਕਾਰੀ ਖੰਡ ਮਿੱਲ ਅਜਨਾਲਾ ਵਿਖੇ ਸ੍ਰੀ ਸ਼ੁਭਾਸ਼ ਚੰਦਰ ਜਨਰਲ ਮੈਨੇਜਰ ਖੰਡ ਮਿੱਲ ਅਜਨਾਲਾ ਦੀ ਰਹਿਨੁਮਾਈ ਹੇਠ ਬਹਾਰ ਰੁੱਤ ਦੌਰਾਨ ਗੰਨੇ ਹੇਠ ਵੱਧ ਤੋਂ ਵੱਧ ਰਕਬਾ ਬੀਜਣ, ਨਵੀਆਂ ਤਕਨੀਕਾਂ, ਅਗੇਤੀਆਂ/ਵੱਧ ਰਿਕਵਰੀ ਵਾਲੀਆਂ ਕਿਸਮਾਂ ਨਾਲ ਬਿਜਾਈ ਕਰਵਾਉਣ ਅਤੇ ਆ ਰਹੀ ਲੇਬਰ ਦੀ ਸਮੱਸਿਆ ਨੂੰ ਮੁੱਖ ਰੱਖਦੇ ਹੋਏ ਗੰਨੇ ਦੀ ਫਸਲ ਦਾ ਪੂਰਨ ਤੌਰ ਤੇ ਮਸ਼ੀਨੀਕਰਨ ਕਰਨ ਹਿੱਤ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਡਾ. ਨਵਦੀਪ ਸਿੰਘ ਜਮਵਾਲ (ਪਲਾਂਟ ਬਰੀਡਰ) ਨੇ ਗੰਨੇ ਦੇ ਵੱਧ ਝਾੜ ਅਤੇ ਰਿਕਵਰੀ ਲਈ ਕਿਸਮਾਂ ਅਤੇ ਯੋਜਨਾਬੰਦੀ ਬਾਰੇ ਵਿਚਾਰ ਸਾਂਝੇ ਕੀਤੇ, ਡਾ. ਜਸ਼ਨਜੋਤ ਕੌਰ (ਫਸਲ ਵਿਗਿਆਨੀ) ਨੇ ਗੰਨੇ ਦੀ ਵਧੇਰੇ ਝਾੜ ਲਈ ਵਿਗਿਆਨਕ ਤਕਨੀਕਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਨਦੀਨ ਪ੍ਰਬੰਧਨ ਅਤੇ ਮੁਢੇ ਕਮਾਦ ਦੀ ਸਾਂਭ-ਸੰਭਾਲ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਅਤੇ ਡਾ. ਰਜਿੰਦਰ ਕਮਾਰ (ਕੀਟ ਵਿਗਿਆਨੀ) ਨੇ ਗੰਨੇ ਦੀ ਫਸਲ ਤੇ ਹਮਲਾਂ ਕਰਨ ਵਾਲੇ ਕੀੜੇ-ਮਕੌੜਿਆ ਅਤੇ ਉਹਨਾਂ ਦੀ ਰੋਕ-ਥਾਮ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਜਨਰਲ ਮੈਨੇਜਰ ਅਜਨਾਲਾ ਸ਼ੂਗਰ ਮਿੱਲ ਸ੍ਰੀ ਸ਼ੁਭਾਸ਼ ਚੰਦਰ ਵੱਲੋਂ ਆਏ ਹੋਏ ਗੰਨਾ ਮਾਹਿਰਾਂ ਅਤੇ ਗੰਨਾ ਕਾਸ਼ਤਕਾਰਾਂ ਦਾ ਸੈਮੀਨਾਰ ਵਿੱਚ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ ਅਤੇ ਇਸ ਤੋਂ ਇਲਾਵਾ ਗੰਨਾ ਕਾਸ਼ਤਕਾਰਾਂ ਨੂੰ ਨਵੀਆਂ ਤਕਨੀਕਾਂ ਅਪਨਾਉਣ ਅਤੇ ਅਗੇਤੀਆਂ ਅਤੇ ਵੱਧ ਰਿਕਵਰੀ ਵਾਲੀਆਂ ਕਿਸਮਾਂ ਨਾਲ ਬਿਜਾਈ ਕਰਨ ਹਿੱਤ ਪ੍ਰੇਰਿਆ।ਇਸ ਮੌਕੇ ਮੰਚ ਸੰਚਾਲਕ ਸਤਿੰਦਰਜੀਤ ਸਿੰਘ ਸੀ.ਸੀ.ਡੀ.ਓ ਅਤੇ ਸਰਪੰਚ ਸ੍. ਬਲਦੇਵ ਸਿੰਘ ਸਾਰੰਗਦੇਵ ਵੱਲੋਂ ਵੀ ਆਈਆਂ ਹੋਈਆਂ ਸਖਸ਼ੀਅਤਾਂ ਅਤੇ ਗੰਨਾ ਕਾਸ਼ਤਕਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਮਿੱਲ ਮੈਨੇਜਮੈਂਟ ਵੱਲੋਂ ਪ੍ਰਧਾਨ ਜਗਰੂਪ ਸਿੰਘ ਰੰਧਾਵਾ, ਜਸਵਿੰਦਰ ਸਿੰਘ ਮਹਿਲਾਵਾਲਾ, ਵਿਕਰਮਜੀਤ ਸਿੰਘ ਚੀਮਾ, ਐਮ.ਪੀ.ਸਿੰਘ, ਪਰਮਜੀਤ ਸਿੰਘ ਨੰਗਲ ਸੋਹਲ, ਜਗਬੀਰ ਸਿੰਘ ਆਦਿ ਹਾਜਰ ਸਨ। ਇਸ ਮੌਕੇ ਇਲਾਕੇ ਦੇ ਅਗਾਂਹ ਵਧੂ ਕਿਸਾਨ ਸੁਰਿੰਦਰ ਸਿੰਘ ਬੱਲ, ਸਤਨਾਮ ਸਿੰਘ ਸਿੰਘ ਸੈਦੋਗਾਜੀ, ਨਿਸਾਨ ਸਿੰਘ ਭਿੰਡੀ ਔਲਖ, ਗੁਰਬੀਰ ਸਿੰਘ, ਹਰਪਾਲ ਸਿੰਘ ਅਤੇ ਹੋਰ ਪਤਵੰਤੇ ਹਾਜਰ ਸਨ।

# ਵਿਧਾਇਕ ਰਮਦਾਸ ਨੇ ਪਿੰਡ ਵਾਸੀਆਂ ਦੀਆਂ ਸੁਣੀਆਂ ਮੁਸ਼ਕਿਲਾਂ



ਅੰਮ੍ਰਿਤਸਰ, 6 ਫਰਵਰੀ (ਗੁਰਦਿਆਲ ਸਿੰਘ) : ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਪਿੰਡਾਂ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਸਾਲ 2026 ਨੂੰ ਵਿਕਾਸ ਦੇ ਵਰ੍ਹੇ ਵਜੋਂ ਮਨਾਇਆ ਜਾਵੇਗਾ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਅਟਾਰੀ ਦੇ ਵਿਧਾਇਕ ਸਰਦਾਰ ਜਸਵਿੰਦਰ ਸਿੰਘ ਰਮਦਾਸ ਨੇ ਵੱਖ -ਵੱਖ ਪਿੰਡਾਂ ਵਿੱਚ ਲੋਕਾਂ ਨਾਲ ਮੁਲਾਕਾਤ ਕਰਕੇ ਉਹਨਾਂ ਦੀਆਂ ਮੁਸ਼ਕਿਲਾਂ ਨੂੰ ਸੁਣਦੇ ਹੋਏ ਕੀਤਾ। ਉਹਨਾਂ ਕਿਹਾ ਕਿ ਸਾਡੀ ਸਰਕਾਰ ਨੇ ਆਮ ਲੋਕਾਂ ਲਈ ਕਾਫੀ ਸਕੀਮਾਂ ਚਲਾਈਆਂ ਹੋਈਆਂ ਹਨ ਅਤੇ ਉਹ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਇਹਨਾਂ ਸਕੀਮਾਂ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਉਹਨਾਂ ਦੀਆਂ ਮੁਸ਼ਕਿਲਾਂ ਦਾ ਹੱਲ ਵੀ ਮੌਕੇ 'ਤੇ ਕਰ ਰਹੇ ਹਨ। ਸਰਦਾਰ ਰਮਦਾਸ ਨੇ ਕਿਹਾ ਕਿ ਦੇਸ਼ ਦੇ ਇਤਿਹਾਸ ਵਿੱਚ ਪੰਜਾਬ ਐਸਾ ਪਹਿਲਾ ਸੂਬਾ ਬਣ ਗਿਆ ਹੈ, ਜਿੱਥੇ ਲੋਕਾਂ ਨੂੰ ਅਸੀਂ ਮੁਫਤ ਸਿੱਖਿਆ, ਮੁਫਤ ਬੱਸ ਯਾਤਰਾ ਦੇ ਨਾਲ-ਨਾਲ ਮੁਫਤ ਬਿਜਲੀ ਵੀ ਮੁਹੱਈਆ ਕਰਵਾਉਣ ਵਿੱਚ ਸਫਲ ਹੋਏ ਹਾਂ। ਇਸ ਮੌਕੇ ਸ: ਰਮਦਾਸ ਨੇ ਸਰਬ ਸੰਮਤੀ ਨਾਲ ਚੁਣੀਆਂ ਗਈਆਂ 26 ਪੰਚਾਇਤਾਂ, ਜਿਸ ਵਿੱਚ ਪਿੰਡ ਭਡਿਆਰ, ਬਾਗੜੀਆਂ, ਲਾਹੌਰੀ ਮੱਲ, ਮੁਹਾਵਾ, ਰਾਜਾਤਾਲ, ਗੱਲੂਵਾਲ, ਜਠੌਲ, ਭਕਨਾ ਕਲਾਂ, ਖਾਸਾ ਬਾਜ਼ਾਰ, ਚੀਚਾ ਨੌਧ ਸਿੰਘ, ਹੇਰ, ਮਾਲੂਵਾਲ, ਕੋਟਲੀ ਮੀਆਂ ਖਾਂ, ਵਰਪਾਲ ਖੁਰਦ, ਬੱਧ, ਆਬਾਦੀ ਨਰੈਣਪੁਰਾ, ਬਾਬਾ ਟਹਿਲ ਸਿੰਘ ਨਗਰ, ਡੇਰਾ ਬਾਬਾ ਗਨੀ ਸ਼ਾਹ, ਗੁਰਬਖਸ਼ ਸਿੰਘ ਵਾਲਾ, ਝੀਤਾ ਚੇਤ ਸਿੰਘ ਵਾਲਾ, ਕੰਬੋ, ਕੋਟਲਾਦੱਲ ਸਿੰਘ, ਕਿਸ਼ਨਪੁਰਾ, ਮਾਣਕਿਆਣਾ, ਪੰਡੋਰੀ ਲੁਬਾਣਾ, ਰਾਮਪੁਰਾ ਦੀਆਂ 26 ਪੰਚਾਇਤਾਂ ਨੂੰ ਪੰਜ ਪੰਜ ਲੱਖ ਰੁਪਏ ਦੇ ਚੈੱਕ ਭੇਟ ਕਰਦਿਆਂ ਕਿਹਾ ਕਿ ਉਹ ਇਸ ਰਾਸ਼ੀ ਨਾਲ ਆਪਣੇ ਪਿੰਡ ਦਾ ਕੋਈ ਵੀ ਵਿਕਾਸ ਕਾਰਜ ਆਪਣੀ ਮਰਜ਼ੀ ਨਾਲ ਕਰਵਾ ਸਕਦੇ ਹਨ। ਉਹਨਾਂ ਕਿਹਾ ਕਿ ਅਸੀਂ ਵਾਅਦਾ ਕੀਤਾ ਸੀ ਕਿ ਜਿਹੜੀਆਂ ਪੰਚਾਇਤਾਂ ਸਰਬ ਸੰਮਤੀ ਨਾਲ ਚੁਣੀਆਂ ਜਾਣਗੀਆਂ।ਉਹਨਾਂ ਨੂੰ ਪੰਜ ਪੰਜ ਲੱਖ ਰੁਪਏ ਦੇ ਚੈੱਕ ਦਿੱਤੇ ਜਾਣਗੇ। ਸਰਦਾਰ ਰਮਦਾਸ ਨੇ ਮੁੱਖ ਮੰਤਰੀ ਪੰਜਾਬ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਵੱਲੋਂ ਰਮਦਾਸ ਹਲਕੇ ਨੂੰ ਸਰਬ ਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ ਦੇਣ ਲਈ 1 ਕਰੋੜ 30 ਲੱਖ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ, ਜੋ ਕਿ ਅੱਜ ਵੱਖ-ਵੱਖ ਪਿੰਡਾਂ ਵਿੱਚ ਵੰਡੀ ਹੈ।

# ਤਰਲੋਕ ਸਿੰਘ ਹਰੀਆਂ ਦੀ ਅਚਾਨਕ ਮੌਤ 'ਤੇ ਪ੍ਰਸ਼ਾਸਨਿਕ, ਹਲਕਿਆਂ ਵੱਲੋਂ ਡੂੰਘਾ ਦੁੱਖ ਪ੍ਰਗਟ



ਮਜੀਠਾ, 6 ਫਰਵਰੀ (ਅਸ਼ਵਨੀ ਨਈਅਰ) : ਸਬ ਡਿਵੀਜ਼ਨ ਮਜੀਠਾ ਦੇ ਡੀਐਸਪੀ ਦਫ਼ਤਰ ਵਿੱਚ ਤਾਇਨਾਤ ਰੀਡਰ ਏਐਸਆਈ ਤਰਲੋਕ ਸਿੰਘ ਹਰੀਆਂ ਦੀ ਅਚਾਨਕ ਹੋਈ ਮੌਤ ਨਾਲ ਸਮੁੱਚੇ ਇਲਾਕੇ ਿ ਵੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਉਨ੍ਹਾਂ ਦੀ ਮੌਤ 'ਤੇ ਪੁਲਿਸ ਪ੍ਰਸ਼ਾਸਨ, ਸਿਆਸੀ ਆਗੂਆਂ, ਸਮਾਜ ਸੇਵੀ ਅਤੇ ਧਾਰਮਿਕ ਸ਼ਖ਼ਸੀਅਤਾਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ,ਿ ਜਨ੍ਹਾਂ ਿ ਵੱਚ ਐਸਐਸਪੀ ਅੰਮ੍ਰਿਤਸਰ ਦਿਹਾਤੀ ਸੁਹੇਲ ਮੀਰ ਆਈਪੀਐਸ,ਡੀਐਸਪੀ ਮਜੀਠਾ ਕਮਲਮੀਤ ਸਿੰਘ, ਥਾਣਾ ਮੁਖੀ ਮਜੀਠਾ ਇੰਸਪੈਕਟਰ ਕਰਮਪਾਲ ਸਿੰਘ, ਥਾਣਾ ਮੁਖੀ ਕਥੂਨੰਗਲ ਇੰਸਪੈਕਟਰ ਿ ਹਮਾਂਸ਼ੂ ਭਗਤ, ਥਾਣਾ ਮੁਖੀ ਮੱਤੇਵਾਲ ਿ ਇੰਸਪੈਕਟਰ ਅਵਤਾਰ ਸਿੰਘ ਸਮੇਤ ਡੀਐਸਪੀ ਦਫ਼ਤਰ ਦੇ ਏਐਸਆਈ ਰਾਜਕੁਮਾਰ, ਏਐਸਆਈ ਜਿਤੰਦਰ ਸਿੰਘ, ਏਐਸਆਈ ਹਰਜੀਤ ਸਿੰਘ, ਹੌਲਦਾਰ ਗੁਰਿੰਦਰ ਸਿੰਘ ਬੱਲ, ਹੌਲਦਾਰ ਹਰਸ਼ ਰਮੋਤਰਾ, ਏਐਸਆਈ ਹਰਿਜੰਦਰ ਸਿੰਘ, ਏਐਸਆਈ ਮੇਜਰ ਸਿੰਘ, ਏਐਸਆਈ ਅਵਤਾਰ ਸਿੰਘ, ਏਐਸਆਈ ਕੁਲਦੀਪ ਸਿੰਘ, ਏਐਸਆਈ ਨਿਰਮਲ ਸਿੰਘ, ਰਣਜੀਤ ਸਿੰਘ, ਆਦਿ ਤੋਂ ਿ ਲਾਵਾ ਵੱਖ-ਵੱਖਰੀ ਸਆਸੀ, ਸਮਾਜ ਸੇਵੀ, ਧਾਰਮਿਕ ਸ਼ਖ਼ਸੀਅਤਾਂ ਿ ਜਨ੍ਹਾਂ ਵਿਚ ਬਾਬਾ ਮੇਜਰ ਸਿੰਘ ਸੋਢੀ ਮੁਖੀ ਦਸਮੇਸ਼ ਤਰਨਾ ਦਲ,ਹਲਕਾ ਿ ਇੰਚਾਰਜ ਤਲਬੀਰ ਿ ਸੰਘ ਗਿੱਲ, ਬਲਿਜੰਦਰ ਸਿੰਘ ਸ਼ੀਨਾ, ਨਗਰ ਕੌਂਸਲ ਮਜੀਠਾ ਦੇ ਪ੍ਰਧਾਨ ਸਲਵੰਤ ਸਿੰਘ ਸੇਠ, ਅਵਤਾਰ ਸਿੰਘ ਗਿੱਲ, ਸਾਰਜ ਿ ਸੰਘ ਸੋਨੂ, ਬਿਚੱਤਰ ਸਿੰਘ ਲਾਲੀ ਿ ਢਗ ਨੰਗਲ, ਸਰਪੰਚ ਅਮਰਜੀਤ ਸਿੰਘ ਕਲੇਰ, ਸਰਪੰਚ ਹਰਿਵੰਦਰ ਸਿੰਘ ਮਾਨ ਸਮਾਜ ਸੇਵੀ ਰਣਜੀਤ ਸਿੰਘ ਭੋਮਾ, ਨਵਤੇਜ ਸਿੰਘ ਸੋਹੀ ਕੱਥੂ ਨੰਗਲ,ਹਨੀ ਅਜੈਬ ਵਾਲੀ, ਸਰਪੰਚ ਸੁਖਚੈਨ ਸਿੰਘ ਸੁਖ ਭਗਵਾਂ, ਬਲਾਕ ਸੰਮਤੀ ਮੈਂਬਰ ਇੰਕੂ ਕੋਟਲਾ ਤਰਖਾਣਾ, ਜਗਦੀਪ ਸਿੰਘ ਸ਼ਹਿਜ਼ਾਦਾ, ਕੁਲਵੰਤ ਸਿੰਘ ਠੇਕੇਦਾਰ, ਰੀਡਰ ਸੁਖਵਿੰਦਰ ਸਿੰਘ ਮਜੀਠਾ, ਹਰਪ੍ਰੀਤ ਸਿੰਘ ਹੈਪੀ ਵੀਰਮ, ਪੱਤਰਕਾਰਾਂ ਵਿੱਚ ਆਪਣੀ ਟੀਮ ਜਗਤਾਰ ਸਿੰਘ ਸਿਹਮੀ, ਸਰਬਜੀਤ ਸਿੰਘ ਵਡਾਲਾ, ਮਿਨੰਦਰ ਸਿੰਘ ਸੋਖੀ, ਪ੍ਰਿਥੀਪਾਲ ਸਿੰਘ ਹਰੀਆ, ਅਸ਼ਵਨੀ ਨਈਅਰ, ਕੁਲਦੀਪ ਸਿੰਘ ਕਾਹਲੋਂ, ਪ੍ਰਮੋਦ ਕੁਮਾਰ, ਪ੍ਰਿੰਸੀਪਲ ਲਖਨਪਾਲ ਸਿੰਘ ਸਿਹਮੀ, ਸਿਵੰਦਰ ਸਿੰਘ ਵਡਾਲਾ, ਕ੍ਰਾਂਤੀਪਾਲ ਸਿੰਘ ਮਜੀਠਾ ਆਦਿ ਵੱਲੋਂ ਪ੍ਰਧਾਨ ਸਵ: ਤਰਲੋਕ ਸਿੰਘ ਹਰੀਆਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮੌਤ ਨਾਲ ਪਿਰਵਾਰ ਨੂੰ ਹੀ ਨਹੀਂ, ਸਗੋਂ ਪੁਲਿਸ ਵਿਭਾਗ ਅਤੇ ਇਲਾਕੇ ਲਈ ਵੀ ਵੱਡਾ ਘਾਟਾ ਪਿਆ ਹੈ। ਰੀਡਰ ਏਐਸਆਈ ਸਵ. ਤਰਲੋਕ ਸਿੰਘ ਹਰੀਆਂ ਦੇ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 12 ਫਰਵਰੀ ਦਿਨ ਵੀਰਵਾਰ ਨੂੰ ਉਨ੍ਹਾਂ ਦੇ ਗ੍ਰਹਿ ਮਜੀਠਾ ਸਥਿਤ ਕਲੋਨੀ ਬਾਬਾ ਬੁੱਢਾ ਸਾਹਿਬ ਵਿਖੇ ਪੈਣ ਉਪਰੰਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਰੋਹ ਹੋਵੇਗਾ।

# ਅੰਮ੍ਰਿਤਸਰ ਰੇਲਵੇ ਪੁਲਿਸ ਦੀ ਵੱਡੀ ਕਾਮਯਾਬੀ: 48 ਘੰਟਿਆਂ ਵਿੱਚ ਸੁਲਝਾਈ ਅੰਨ੍ਹੇ ਕਤਲ ਦੀ ਗੁੱਥੀ, ਮੁੱਖ ਦੋਸ਼ੀ ਗ੍ਰਿਫ਼ਤਾਰ



ਅੰਮ੍ਰਿਤਸਰ, 6 ਫਰਵਰੀ (ਬਬਲੂ ਮਹਾਜਨ) : ਅੰਮ੍ਰਿਤਸਰ ਰੇਲਵੇ ਪੁਲਿਸ ਨੇ ਇੱਕ ਅੰਨ੍ਹੇ ਕਤਲ ਦੇ ਮਾਮਲੇ ਨੂੰ ਮਹਿਜ਼ 48 ਘੰਟਿਆਂ ਦੇ ਅੰਦਰ ਸੁਲਝਾ ਕੇ ਵੱਡੀ ਸਫਲਤਾ ਹਾਸਲ ਕੀਤੀ ਹੈ। ਰੇਲਵੇ ਐਸ.ਐਚ.ਓ. ਸੁਖਵਿੰਦਰ ਸਿੰਘ ਸਰਾਂ ਨੇ ਮਾਮਲੇ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਕਤਲ ਮਹਿਜ਼ ਕੁਝ ਹਜ਼ਾਰ ਰੁਪਏ ਦੇ ਲੈਣ-ਦੇਣ ਕਾਰਨ ਕੀਤਾ ਗਿਆ ਸੀ। ਪੁਲਿਸ ਨੇ ਇਸ ਮਾਮਲੇ ਵਿੱਚ ਮੁੱਖ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਮਿਤੀ 2 ਅਤੇ 3 ਫਰਵਰੀ ਦੀ ਦਰਮਿਆਨੀ ਰਾਤ ਨੂੰ ਵੇਰਕਾ ਰੇਲਵੇ ਲਾਈਨ (ਅੰਮ੍ਰਿਤਸਰ-ਪਠਾਨਕੋਟ ਮਾਰਗ) 'ਤੇ ਇੱਕ ਨੌਜਵਾਨ ਦੀ ਖ਼ੂਨ ਨਾਲ ਲੱਥਪੱਥ ਲਾਸ਼ ਮਿਲੀ ਸੀ। ਐਸ.ਐਚ.ਓ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਉਹ ਮੌਕੇ 'ਤੇ ਪਹੁੰਚੇ ਤਾਂ ਨੌਜਵਾਨ ਦਾ ਸਿਰ ਰੇਲਵੇ ਲਾਈਨ 'ਤੇ ਸੀ ਅਤੇ ਗਲੇ 'ਤੇ ਤੇਜ਼ਧਾਰ ਹਥਿਆਰ ਨਾਲ ਵਾਰ ਕੀਤੇ ਗਏ ਸਨ। ਮੌਕੇ 'ਤੇ ਕੋਈ ਸੀਸੀਟੀਵੀ ਨਾ ਹੋਣ ਕਾਰਨ ਇਹ ਪੁਲਿਸ ਲਈ ਇੱਕ ਬਲਾਇੰਡ ਕੇਸ ਸੀ। ਮ੍ਰਿਤਕ ਦੀ ਜਾਮਾ ਤਲਾਸ਼ੀ ਦੌਰਾਨ ਮਿਲੇ ਇੱਕ ਧੁੰਦਲੇ ਆਧਾਰ ਕਾਰਡ ਤੋਂ ਉਸ ਦੀ ਪਛਾਣ ਅਨੂ ਵਰਮਾ ਵਾਸੀ ਬਟਾਲਾ ਰੋਡ ਵਜੋਂ ਹੋਈ।ਜਾਂਚ ਦੌਰਾਨ ਪਤਾ ਲੱਗਾ ਕਿ ਮ੍ਰਿਤਕ ਅਨੂ ਵਰਮਾ ਬੈਟਰੀ ਵਾਲਾ ਆਟੋ ਚਲਾਉਂਦਾ ਸੀ। ਘਰੋਂ ਨਿਕਲਣ ਸਮੇਂ ਉਸ ਨੇ ਆਪਣੀ ਭਰਜਾਈ ਨੂੰ ਦੱਸਿਆ ਸੀ ਕਿ ਉਹ ਪੰਕਜ ਕੁਮਾਰ ਨਾਂ ਦੇ ਵਿਅਕਤੀ ਨਾਲ ਲੁਧਿਆਣੇ ਜਾ ਰਿਹਾ ਹੈ ਅਤੇ ਸ਼ੱਕ ਹੋਣ 'ਤੇ ਪੰਕਜ ਦਾ ਨੰਬਰ ਵੀ ਦੇ ਕੇ ਗਿਆ ਸੀ। ਜਦੋਂ ਪੁਲਿਸ ਨੇ ਟੈਕਨੀਕਲ ਟੀਮ ਦੀ ਮਦਦ ਨਾਲ ਕਾਲ ਡਿਟੇਲ (CDR) ਅਤੇ ਲੋਕੇਸ਼ਨਾਂ ਦੀ ਜਾਂਚ ਕੀਤੀ, ਤਾਂ ਪੰਕਜ ਅਤੇ ਮ੍ਰਿਤਕ ਦੀਆਂ ਲੋਕੇਸ਼ਨਾਂ ਇੱਕੋ ਥਾਂ ਪਾਈਆਂ ਗਈਆਂ।ਪੁਲਿਸ ਦੀ ਮੁਢਲੀ ਪੁੱਛਗਿੱਛ ਵਿੱਚ ਸਾਹਮਣੇ ਆਇਆ ਕਿ ਦੋਵਾਂ ਵਿਚਕਾਰ ਮਹਿਜ਼ 5-7 ਹਜ਼ਾਰ ਰੁਪਏ ਨੂੰ ਲੈ ਕੇ ਝਗੜਾ ਸੀ। ਪੰਕਜ ਨੇ ਅਨੂ ਨੂੰ ਕੁਝ ਸਾਮਾਨ ਲੈਣ ਲਈ ਪੈਸੇ ਦਿੱਤੇ ਸਨ ਪਰ ਉਹ ਕੰਮ ਨਾ ਹੋਣ 'ਤੇ ਪੈਸਿਆਂ ਨੂੰ ਲੈ ਕੇ ਤਕਰਾਰ ਵਧ ਗਈ। ਗੁੱਸੇ ਵਿੱਚ ਆ ਕੇ ਪੰਕਜ ਨੇ ਆਪਣੇ ਦੋ ਹੋਰ ਸਾਥੀਆਂ ਨਾਲ ਮਿਲ ਕੇ ਅਨੂ ਨੂੰ ਰੇਲਵੇ ਲਾਈਨਾਂ 'ਤੇ ਬੁਲਾਇਆ। ਉੱਥੇ ਦੋ ਸਾਥੀਆਂ ਨੇ ਅਨੂ ਦੇ ਹੱਥ-ਪੈਰ ਫੜ ਲਏ ਅਤੇ ਪੰਕਜ ਨੇ ਕਿਰਚ (ਤੇਜ਼ਧਾਰ ਹਥਿਆਰ) ਨਾਲ ਉਸ ਦੇ ਗਲੇ 'ਤੇ ਕਈ ਵਾਰ ਕੀਤੇ, ਜਿਸ ਨਾਲ ਉਸ ਦੀ ਮੌਤ ਹੋ ਗਈ।ਪੁਲਿਸ ਨੇ ਮੁੱਖ ਮੁਲਜ਼ਮ ਪੰਕਜ ਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਅਦਾਲਤ ਵੱਲੋਂ ਉਸ ਦਾ ਦੋ ਦਿਨ ਦਾ ਰਿਮਾਂਡ ਹਾਸਲ ਕੀਤਾ ਗਿਆ ਹੈ। ਐਸ.ਐਚ.ਓ. ਸਰਾਂ ਨੇ ਦੱਸਿਆ ਕਿ ਵਾਰਦਾਤ ਵਿੱਚ ਸ਼ਾਮਲ ਦੋ ਹੋਰ ਫ਼ਰਾਰ ਸਾਥੀਆਂ ਦੀ ਭਾਲ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਉਹ ਵੀ ਪੁਲਿਸ ਦੀ ਗ੍ਰਿਫ਼ਤ ਵਿੱਚ ਹੋਣਗੇ। ਪੁਲਿਸ ਨੇ ਇਸ ਗੁੰਝਲਦਾਰ ਮਾਮਲੇ ਨੂੰ ਬੜੀ ਮੁਸਤੈਦੀ ਨਾਲ ਸੁਲਝਾ ਕੇ ਅਪਰਾਧੀਆਂ ਨੂੰ ਸਪੱਸ਼ਟ ਸੰਦੇਸ਼ ਦਿੱਤਾ ਹੈ। ਇਸ ਮੌਕੇ 'ਤੇ ਆਈਟੀ ਮਾਹਿਰ ਬਲਵਿੰਦਰ ਸਿੰਘ ਐਸਆਈ ਨਰਿੰਦਰ ਪਾਲ ਸਿੰਘ ਏਐਸਆਈ ਸੁਖਬੀਰ ਸਿੰਘ ਏਐਸਆਈ ਬਲਜਿੰਦਰ ਸਿੰਘ ਐਮ ਐਚਸੀ ਪੁਰਸ਼ੋਤਮ ਕੁਮਾਰ ਸੁਖਵਿੰਦਰ ਸਿੰਘ ਮਾਨਵ ਰਾਮਪਾਲ ਹਰਪ੍ਰੀਤ ਸਿੰਘ ਅਤੇ ਪਰਮਜੀਤ ਸਿੰਘ ਮੌਜੂਦ ਸਨ।

# ਕਿੱਡਜ ਕੇਅਰ ਇੰਟਰਨੈਸ਼ਨਲ ਸਕੂਲ 'ਚ ਸਮਾਰੋਹ ਧੂਮ-ਧਾਮ ਨਾਲ ਸੰਪਨ



ਦੀਨਾਨਗਰ, 6 ਫਰਵਰੀ (ਡਾ ਰਮੇਸ਼ ਸਰੰਗਲ ) : ਕਿਡਜ਼ ਕੇਅਰ ਇੰਟਰਨੈਸ਼ਨਲ ਸਕੂਲ ਅਵਾਖਾਂ, ਦੀਨਾਨਗਰ ਦੇ ਵਿਹੜੇ ਵਿੱਚ ਪ੍ਰਧਾਨ ਅਰਵਿੰਦ ਮਹਿਤਾ ਅਤੇ ਸਚਿਵ ਮਧੁਰ ਭਾਸ਼ਿਣੀ ਦੀ ਪ੍ਰਧਾਨਗੀ ਹੇਠ ਦੱਸਵੀਂ ਜਮਾਤ ਦਾ ਵਿਧਾਈ ਸਮਾਰੋਹ ਬਹੁਤ ਹੀ ਧੂਮ-ਧਾਮ ਨਾਲ ਸੰਪਨ ਹੋਇਆ, ਜਿਸ ਵਿੱਚ ਨੌਵੀ ਜਮਾਤ ਦੇ ਵਿਦਿਆਰਥੀਆਂ ਨੇ ਦੱਸਵੀਂ ਜਮਾਤ ਦੇ ਵਿਦਿਆਰਥੀਆਂ ਲਈ ਅਨੇਕਾਂ ਖੇਡਾਂ ਅਤੇ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਬੱਚਿਆਂ ਨੇ ਸਕੂਲ ਵਿੱਚ ਬਿਤਾਏ ਸੁਨਹਿਰੇ ਪਲਾਂ ਨੂੰ ਯਾਦ ਕੀਤਾ ਅਤੇ ਸਕੂਲ ਵਿੱਚ ਹਾਸਿਲ ਕੀਤੀਆਂ ਉਪਲੱਬਧੀਆਂ ਦੇ ਲਈ ਸਕੂਲ ਮੈਨੇਜਮੈਂਟ ਦਾ ਧੰਨਵਾਦ ਕੀਤਾ। ਮੁੱਖ ਮਹਿਮਾਨ ਨਿਧੀਮਾ ਗੋਪਾਲ ਨੇ ਬੱਚਿਆਂ ਨੂੰ ਸਹੀ ਰਾਹ 'ਤੇ ਚੱਲਣ ਅਤੇ ਚੰਗੇ ਇਨਸਾਨ ਬਨਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਪ੍ਰੋਮਿਲਾ ਮਨਹਾਸ ਨੇ ਬੱਚਿਆਂ ਨੂੰ ਇਸ ਪਲ ਲਈ ਵਧਾਈ ਦਿੱਤੀ ਅਤੇ ਉਹਨਾਂ ਦੇ ਅਗਲੇ ਸਫਰ ਲਈ ਸ਼ੁਭਕਾਮਨਾਵਾਂ ਦਿੱਤੀਆਂ। ਸਮਾਰੋਹ ਵਿੱਚ ਮਿਸ ਫੇਅਰਵੈੱਲ ਆਨੰਦਿਤਾ ਬਾਵਾ ਅਤੇ ਮਿਸਟਰ ਫੇਅਰਵੈੱਲ ਦਿਵਆਂਗ ਮਹਾਜਨ ਨੂੰ ਚੁਣਿਆ ਗਿਆ।ਇਸ ਮੌਕੇ 'ਤੇ ਪੀ. ਆਰ. ਓ ਸੰਦੀਪ ਠਾਕੁਰ, ਵਿੰਗ ਇਨਚਾਰਜ ਪਾਇਲ ਸ਼ਰਮਾ, ਭਾਰਤੀ ਸ਼ਰਮਾ, ਪੂਜਾ ਵਰਮਾ ਅਤੇ ਸਮੂਹ ਸਟਾਫ ਹਾਜਰ ਸੀ।

